# ਦੇਸ਼ ਦੁਆਬਾ

VOL - 3 ISSUE - 23
February 4, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com


**ਸ੍ਰੀ ਗੁਰੂ ਰਵਿਦਾਸ ਗੁਰਪੁਰਬ ਮਨਾਏ ਜਾਣ ਸਬੰਧੀ ਵੇਰਵਾ**

*ਪਿਟਸਬਰਗ ਅਤੇ ਨਿਊਯਾਰਕ 8 ਫਰਵਰੀ, 2015*
*ਯੂਬਾ ਸਿਟੀ ਵਿਖੇ 15 ਫਰਵਰੀ, 2015*
*ਬੇ-ਏਰੀਆ ਵਿਖੇ 22 ਫਰਵਰੀ, 2015*
*ਫਰਿਜ਼ਨੋ ਵਿਖੇ 1 ਮਾਰਚ, 2015*
*ਸੈਕਰਾਮੈਂਟੋ ਵਿਖੇ 8 ਮਾਰਚ, 2015*
*ਸੈਲਮਾ ਵਿਖੇ 15 ਮਾਰਚ, 2015*
*ਮੁਕੰਮਲ ਜਾਣਕਾਰੀ ਲਈ ਉਪਰੋਕਤ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ। -ਸੰਪਾਦਕ*




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸਮੁੱਚੀ ਦੁਨੀਆਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ



ਸਤਿਗੁਰੂ ਰਵਿਦਾਸ ਜੀ ਦੇ 638ਵੇਂ ਪਾਵਨ ਦਿਹਾੜੇ ਮੌਕੇ ਯੂਬਾ ਸਿਟੀ (ਕੈਲੀਫੋਰਨੀਆ) 'ਚ ਕੀਰਤਨ ਦਰਬਾਰ ਸਜਾਏ ਗਏ (ਦੇਖੋ ਸਫਾ 4 ਤੇ 15 'ਤੇ )



ਸਤਿਗੁਰੂ ਰਵਿਦਾਸ ਜੀ ਦੇ 638ਵੇਂ ਪਾਵਨ ਦਿਹਾੜੇ ਮੌਕੇ ਰਿਓ ਲਿੰਡਾ (ਸੈਕਰਾਮੈਂਟੋ) 'ਚ ਕੀਰਤਨ ਦਰਬਾਰ ਸਜਾਏ ਗਏ। (ਦੇਖੋ ਸਫਾ 8 'ਤੇ )

## ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਨਗਰ ਕੀਰਤਨ ਆਯੋਜਿਤ ਕੀਤੇ, ਅਮਰੀਕਾ ਸਮੇਤ ਵਿਸ਼ਵ ਭਰ ਵਿਚ ਵੱਸਦੇ ਗੁਰੂ ਪ੍ਰੇਮੀਆਂ ਨੇ ਸਜਾਏ ਕੀਰਤਨ ਦਰਬਾਰ

ਜਲੰਧਰ- ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸਾਰੀ ਦੁਨੀਆਂ ਵਿਚ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਭਾਰਤ ਦੇ ਰਾਸ਼ਟਰਪਤੀ ਨੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਪੰਜਾਬ ਦੇ ਜਲੰਧਰ ਵਿਚ ਮਹਾਨ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਜਲੰਧਰ- ਗੁਰੂ ਰਵਿਦਾਸ ਭਵਨ ਅਰਬਨ ਅਸਟੇਟ ਫੇਸ-2, ਗੋਲਡਨ ਐਵੀਨਿਊ, ਈਸ਼ਰ ਨਗਰ ਕਾਲੋਨੀ, ਕਰੋਲ ਬਾਗ, ਇੰਦਰਾ ਪਾਰਕ, ਜੋਤੀ ਨਗਰ, ਐਸ. ਏ. ਐਸ. ਨਗਰ, ਬਸੰਤ ਨਗਰ, ਰਿਸ਼ੀ ਨਗਰ, ਕਲਗੀਧਰ ਐਵੀਨਿਊ, ਬੈਂਕ ਇਨਕਲੇਵ ਤੇ ਸ਼ੰਕਰ ਗਾਰਡਨ ਵਿਖੇ ਗੁਰੂ ਰਵਿਦਾਸ ਦਾ ਪ੍ਰਕਾਸ਼ ਦਿਹਾੜਾ ਸੰਗਤਾਂ ਨੇ ਸ਼ਰਧਾ ਨਾਲ ਮਨਾਇਆ।

ਗੁਰੂ ਰਵਿਦਾਸ ਭਵਨ ਕਮੇਟੀ ਵੱਲੋਂ ਗੁਰੂ ਰਵਿਦਾਸ ਭਵਨ ਅਰਬਨ ਅਸਟੇਟ ਫੇਸ-2 ਵਿਖੇ ਪਹਿਲਾਂ ਸਵੇਰੇ 10 ਵਜੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਮਨਜਿੰਦਰ ਸਿੰਘ ਸਾਗਰ ਦੇ ਰਾਗੀ ਜਥੇ, ਬੀਬੀ ਗੁਰਮੀਤ ਕੌਰ ਤੇ ਪ੍ਰੋਫੈਸਰ ਸੁਖਦੇਵ ਸਿੰਘ ਵੱਲੋਂ ਰਸਭਿੰਨੇ ਕੀਰਤਨ ਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਸ੍ਰੀ ਅਸ਼ੋਕ ਪਾਲ ਵੱਲੋਂ ਬਾਖੂਬੀ ਨਿਭਾਈ ਗਈ। ਕਮੇਟੀ ਵੱਲੋਂ ਬਣਾਏ ਜਾ ਰਹੇ ਗੁਰੂ ਰਵਿਦਾਸ ਭਵਨ ਲਈ ਸਮੂਹ ਸੰਗਤ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ।

**ਜੰਡੂਸਿੰਘਾ 'ਚ ਸ਼ੋਭਾ ਯਾਤਰਾ**

ਗੁਰੂ ਰਵਿਦਾਸ ਧਾਮ ਜੰਡੂਸਿੰਘਾ ਤੋਂ ਸਜਾਈ ਗਈ ਸ਼ੋਭਾ ਯਾਤਰਾ ਦੌਰਾਨ ਕਾਫੀ ਰੌਣਕਾਂ ਲੱਗੀਆਂ। ਇਸ ਸ਼ੋਭਾ ਯਾਤਰਾ ਦਾ ਨਗਰ 'ਚ 17 ਪੜਾਵਾਂ ਦੌਰਾਨ ਸੰਗਤਾਂ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਲਗਾਏ ਜਾ ਰਹੇ ਜੈਕਾਰੇ ਤੇ ਗੁਰੂ ਜਸ ਨਾਲ ਭਗਤੀ ਭਰਿਆ ਮਾਹੌਲ ਮਹਿਸੂਸ ਹੋ ਰਿਹਾ ਸੀ।



**ਪ੍ਰਕਾਸ਼ ਦਿਹਾੜੇ 'ਚ ਸਜਾਏ ਨਗਰ ਕੀਰਤਨ ਵਿੱਚ ਲੱਖਾਂ ਸੰਗਤਾਂ ਨੇ ਹਾਜ਼ਰੀ ਲਗਵਾਈ**

ਫਗਵਾੜਾ (ਬੀ.ਕੇ.ਰੱਤੂ)- ਸ਼ਾਂਝੀਵਾਲਤਾ ਦੇ ਹਾਮੀ, ਇਨਕਲਾਬ ਦੇ ਮੋਢੀ, ਸ਼ੋਮਣੀ ਸੰਤ ਕ੍ਰਾਂਤੀਕਾਰੀ ਰਹਿਬਰ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨੂੰ ਸਮਰਪਿਤ ਵਿਸ਼ਾਲ ਤੇ ਪਵਿੱਤਰ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਇਤਿਹਾਸਕ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਜੀ.ਟੀ.ਰੋਡ ਰਵਿਦਾਸਪੁਰੀ ਚੱਕ ਹਕੀਮ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਏ ਗਏ। ਇਹ ਨਗਰ ਕੀਰਤਨ ਮੰਦਿਰ ਤੋਂ ਸ਼ੁਰੂ ਹੋ ਕੇ ਜੀ. ਟੀ. ਰੋਡ ਸੰਤੋਖਪੁਰਾ, ਬੱਸ ਸਟੈਂਡ, ਪੇਪਰ ਚੌਂਕ, ਰੈਸਟ ਹਾਊਸ ਚੌਂਕ,ਸੈਂਟਰਲ ਟਾਊਨ,ਗਾਂਧੀ ਚੌਂਕ, ਬਾਂਸਾਵਾਲਾ ਬਾਜ਼ਾਰ ਤੋਂ ਇਲਾਵਾ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ 'ਚ ਇਕੱਠੀ ਹੋਈ ਵਾਪਸ ਮੰਦਿਰ ਵਿਖੇ ਸਮਾਪਤ ਹੋਈ। ਵਿਸ਼ਾਲ ਨਗਰ ਕੀਰਤਨ ਵਿੱਚ ਸ੍ਰੀ ਗੁਰੁ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਤ ਸੁੰਦਰ ਝਾਕੀਆਂ ਵਿਸ਼ੇਸ ਖਿੱਚ ਦਾ ਕੇਂਦਰ ਸਨ।ਸਾਰਾ ਸ਼ਹਿਰ ਉਗੁਰੁ ਰਵਿਦਾਸ ਸ਼ਕਤੀ ਅਮਰ ਰਹੇ" ਦੇ ਜੈਕਾਰਿਆਂ ਨਾਲ ਗੂਜ ਉਠਿਆ। ਨਗਰ ਕੀਰਤਨ ਵਿੱਚ ਸੰਤ ਮਹਿੰਦਰ ਪਾਲ ਪੰਡਵਾਂ,ਸੰਤ ਦੇਸ ਰਾਜ ਗੋਬਿੰਦਪੁਰਾ, ਸੰਤ ਟਹਿਲ ਨਾਥ ਨੰਗਲ ਖੇੜਾ, ਮੁੱਖ ਸੰਸਦੀ ਸਕੱਤਰ ਸੋਮ ਪ੍ਰਕਾਸ਼ ਕੈਂਥ, ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਕੈਂਥ,ਜੁਗਿੰਦਰ ਸਿੰਘ ਮਾਨ ਸਾਬਕਾ ਕੈ-ਬਨਿਟ ਮੰਤਰੀ,ਐਸ.ਪੀ.ਫਗਵਾੜਾ ਰਾਜੇਸ਼ਵਰ ਸਿੰਘ ਸਿੱਧੂ,ਐਸ.ਐਚ.ਓ.ਪਰਮਸੁਨੀਲ ਰੰਧਾਵਾ, ਮਾ. ਹਰਭਜਨ ਸਿੰਘ ਬਲਾਲੋਂ ਇੰਚਾਰਜ਼ ਲੋਕ ਸਭਾ ਹੁਸ਼ਿਆਰਪੁਰ, ਜਰਨੈਲ ਸਿੰਘ ਵਾਹਦ ਚੇਅਰਮੈਂਨ ਮਾਰਕਫੈਡ ਪੰਜਾਬ.ਸਰਵਣ ਸਿੰਘ ਕੁਲਾਰ ਚੇਅਰਮੈਂਨ ਮਾਰਕੀਟ ਕਮੇਟੀ, ਜਰਨੈਲ ਨੰਗਲ ਸਾਬਕਾ ਜਨਰਲ ਸਕੱਤਰ ਬਸਪਾ ਪੰਜਾਬ, ਅਸ਼ੋਕ ਸੰਧੂ, ਅਸ਼ੋਕ ਭਾਟੀਆ, ਦਵਿੰਦਰ ਕੁਲਥਮ, ਕਮਲ ਲੱਖਪੁਰ ਜਨਰਲ

(ਬਾਕੀ ਸਫਾ 11 ਤੇ)

## ਪਾਠਕਾਂ ਦੇ ਲਈ ਖੁਸ਼ਖਬਰੀ

ਸਤਿਕਾਰਯੋਗ ਸਮੂਹ ਇਸ਼ਤਿਹਾਰਦਾਤਾਵਾਂ ਅਤੇ ਪਾਠਕਾਂ ਸਾਹਿਬਾਨ, ਲੇਖਕਾਂ ਅਤੇ ਪ੍ਰਸ਼ੰਸਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 29 ਜਨਵਰੀ ਤੋਂ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਹਫਤਾਵਾਰੀ ਹੋ ਗਿਆ ਹੈ। ਇਹ ਤੁਹਾਡੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਅਸੀਂ ਇਹ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਸਾਨੂੰ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ। ਅਸੀਂ ਵੀ ਤੁਹਾਡੀਆਂ ਆਸ਼ਾਵਾਂ ਤੇ ਖਰੇ ਉਤਰਨ ਲਈ ਪੂਰੀ ਕੋਸ਼ਿਸ਼ ਕਰਾਂਗੇ।

-ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)

## ਕੇਜਰੀਵਾਲ ਨੂੰ ਜਿਤਾ ਰਹੇ ਸਰਵੇਖਣਾਂ ਨੂੰ ਮੋਦੀ ਵੱਲੋਂ ਚੁਣੌਤੀ

ਨਵੀਂ ਦਿੱਲੀ - ਭਾਰਤੀ ਜਨਤਾ ਪਾਰਟੀ ਦੇ ਸਭ ਤੋਂ ਵੱਡੇ ਚੋਣ ਪ੍ਰਚਾਰਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਮ ਆਦਮੀ ਪਾਰਟੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਜਨਤਾ ਨੂੰ ਧੋਖਾ ਦੇਣ ਵਾਲਿਆਂ ਨੂੰ ਲੋਕ ਕਦੇ ਮੁਆਫ ਨਹੀਂ ਕਰਨਗੇ। ਭਾਜਪਾ ਦੇ ਹੱਕ ਵਿੱਚ ਸਪੱਸ਼ਟ ਫਤਵਾ ਦੇਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਦੀ ਦਿੱਲੀ ਵਿੱਚ ਸਰਕਾਰ ਬਣਨ 'ਤੇ ਵਿਕਾਸ ਦੀ ਝੜੀ ਲਾ ਦਿੱਤੀ ਜਾਵੇਗੀ। ਚੋਣ ਸਰਵੇਖਣਾਂ ਨੂੰ ਰੱਦ ਕਰਦਿਆਂ ਕਿਹਾ ਕਿ ਇਨ੍ਹਾਂ 'ਤੇ ਵਿਸ਼ਵਾਸ ਕਰਨ ਦੀ ਲੋੜ ਨਹੀਂ ਹੈ।



ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦਰ ਕੇਜਰੀਵਾਲ ਅਤੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਸੱਤਾ ਸੰਭਾਲਣ ਤੋਂ ਬਾਅਦ ਕੋਈ ਵਿਕਾਸ ਨਹੀਂ ਕੀਤਾ ਕੇਵਲ ਵੱਡੀਆਂ ਗੱਲਾਂ ਕਰਕੇ ਹੀ ਕੰਮ ਚਲਾਇਆ ਹੈ। 'ਆਪ' ਨੇ ਕਿਹਾ ਕਿ ਪ੍ਰਧਾਨ ਮੰਤਰੀ ਆਪਣੀ ਪਾਰਟੀ ਦੀ ਹਾਰ ਸਾਹਮਣੇ ਦੇਖ ਕੇ ਘਬਰਾ ਗਏ ਹਨ ਤੇ ਇਸ ਕਰਕੇ 'ਆਪ' ਵਿਰੁੱਧ ਗਲਤ ਹਮਲੇ ਕਰ ਰਹੇ ਹਨ। ਇਸ ਦੌਰਾਨ ਚਾਰੇ ਖੱਬੀਆਂ ਪਾਰਟੀਆਂ ਨੇ ਉਨ੍ਹਾਂ ਸਾਰੀਆਂ ਸੀਟਾਂ 'ਤੇ 'ਆਪ' ਦੇ ਉਮੀਦਵਾਰਾਂ ਦੀ ਹਮਾਇਤ ਕਰਨ ਦਾ

(ਬਾਕੀ ਸਫਾ 11 ਤੇ)


Prime Real Estate Services



Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ




ਗੁਰੂ ਘਰ ਦਾ ਸਥਾਪਨਾ ਦਿਵਸ 15 ਮਾਰਚ, 2015, ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਸਬੰਧਤ ਅਖੰਡ ਪਾਠ ਸਾਹਿਬ 13 ਮਾਰਚ ਨੂੰ ਸਵੇਰੇ 11 ਵਜੇ ਆਰੰਭ ਕੀਤੇ ਜਾਣਗੇ।

ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ 15 ਫਰਵਰੀ 2015 (ਐਤਵਾਰ) ਨੂੰ ਮਨਾਇਆ ਜਾਵੇਗਾ। ਅਖੰਡ ਪਾਠ ਸਾਹਿਬ 13 ਫਰਵਰੀ (ਦਿਨ ਸੁਕਰਵਾਰ) ਨੂੰ ਸਵੇਰੇ 11 ਵਜੇ ਆਰੰਭ ਹੋਣਗੇ। ਨਿਸ਼ਾਨ ਸਾਹਿਬ ਦੀ ਸੇਵਾ 14 ਫਰਵਰੀ ਦਿਨ ਸ਼ਨੀਵਾਰ ਨੂੰ 11 ਵਜੇ। ਭੋਗ ਸ੍ਰੀ ਅਖੰਡ ਪਾਠ ਸਾਹਿਬ 15 ਫਰਵਰੀ, 2015 (ਐਤਵਾਰ) ਨੂੰ ਪਾਏ ਜਾਣਗੇ


ਸ੍ਰੀ ਗੁਰੂ ਰਵਿਦਾਸ ਜੀ

**ਪ੍ਰੋਗਰਾਮਾਂ ਸਬੰਧੀ ਹੋਰ ਜਾਣਕਾਰੀ ਲਈ ਭਾਈ ਪ੍ਰਿਤਪਾਲ ਸਿੰਘ ਜੀ ਨਾਲ 530-674-2564 ਸੰਪਰਕ ਕੀਤਾ ਜਾ ਸਕਦਾ ਹੈ**

ਗੁਰੂ ਘਰ ਦੀ ਡਿਵੈਲਪਮੈਂਟ ਲਈ ਜਾਣਕਾਰੀ ਵਾਸਤੇ ਸੰਪਰਕ ਕਰੋ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823

ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508

ਰਾਮ ਸੇਵਕ ਭਾਟੀਆ (ਕੈਸ਼ੀਅਰ)
530-701-4370

ਪਾਰਕਿੰਗ ਲਾਟ ਦੇ ਲਈ ਸੰਪਰਕ ਕਰੋ

**SHRI GURU RAVIDASS TEMPLE**
**1480 HAYNE AVENUE, YUBA CITY, CA 95993**

## ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 22, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




ਵਿਨੋਦ ਕੁਮਾਰ ਚੁੰਬਰ ਆਪਣੇ ਭਰਾਵਾਂ ਨਾਲ

**ਵਿਨੋਦ ਕੁਮਾਰ ਚੁੰਬਰ**
**ਵਾਈਸ ਚੇਅਰਮੈਨ**
**510-219-5672**
**Shri Guru Ravidass Sabha (Bay Area) California (USA)**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ)



ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 22, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਹਰਮੇਸ਼ ਲਾਲ ਮਦਾਰਾ
ਚੇਅਰਮੈਨ
510-386-1702

ਵਿਨੋਦ ਕੁਮਾਰ ਚੁੰਬਰ
ਵਾਈਸ ਚੇਅਰਮੈਨ
510-219-5672

ਮਹਿੰਦਰ ਸਿੰਘ ਮਾਹੀ
ਪ੍ਰਧਾਨ
408-643-9052

ਜਨਰਲ ਸਕੱਤਰ
ਸੰਤੋਖ ਸਿੰਘ ਸਰੋਇਆ
408-509-9697

ਖਜਾਨਚੀ
ਸ਼ਿਵ ਸਿੱਧੂ
510-386-2715

ਰਾਜਿੰਦਰ ਝੱਮਟ
510-600-2136

ਅਜਾਇਬ ਸਿੰਘ
510-676-8970

ਕੇਵਲ ਸਿੰਘ
510-299-6418

ਸੋਹਨ ਲਾਲ
510-552-6107

**Shri Guru Ravidass Sabha (Bay Area) California (USA)**
**31252 Veasy Street Union City California, 94587**



ਗੁਰੂ ਰਵਿਦਾਸ ਜੀ

**ਐਸੀ ਲਾਲ ਤੁਝ ਬਿਨ ਕਉਨ ਕਰੈ।। ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।**

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਸ਼ਰਧਾ ਅਤੇ ਉਤਸ਼ਾਹ ਨਾਲ ਹਰ ਸਾਲ ਦੀ ਤਰ੍ਹਾਂ ਦਿਨ ਐਤਵਾਰ ਮਾਰਚ 15, 2015 ਨੂੰ ਮਨਾਇਆ ਜਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਣ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗੁਰੂ ਘਰ ਸੇਲਮਾ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਮਾਰਚ 2015, ਸ਼ੁੱਕਰਵਾਰ 10 ਵਜੇ ਸਵੇਰੇ**
**ਕੀਰਤਨ ਦਰਬਾਰ ਸ਼ਨੀਚਰਵਾਰ 14 ਮਾਰਚ 2015, ਸ਼ਾਮ 6 ਵਜੇ ਤੋਂ ਸ਼ਾਮ 9 ਵਜੇ ਤੱਕ**
**ਅਖੰਡ ਪਾਠ ਸਾਹਿਬ ਦੇ ਭੋਗ 15 ਮਾਰਚ 2015 ਸਵੇਰੇ 10 ਵਜੇ ਐਤਵਾਰ**

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

**ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ, ਕੈਲੀਫੋਰਨੀਆ - 93662**
**2648 ਬਲੇਨ ਐਵੇਨਿਊ ਫੋਨ: 559-891-8286**

# ਸਤਿਗੁਰੂ ਰਵਿਦਾਸ ਜੀ ਦੇ 638ਵੇਂ ਪਾਵਨ ਦਿਹਾੜੇ ਮੌਕੇ ਯੂਬਾ ਸਿਟੀ (ਕੈਲੀਫੋਰਨੀਆ) 'ਚ ਕੀਰਤਨ ਦਰਬਾਰ ਸਜਾਏ ਗਏ

**ਯੂਬਾ ਸਿਟੀ (ਦਿਲਵਿੰਦਰ ਰੱਲ੍ਹ)–** ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 638ਵੇਂ ਪਾਵਨ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਕੀਰਤਨ ਦਰਬਾਰ ਸਜਾਏ ਗਏ। ਇਸ ਸਬੰਧਤ ਗੁਰੂ ਘਰ ਵਿਖੇ 2 ਫਰਵਰੀ ਦਿਨ ਸੋਮਵਾਰ ਦੀ ਸ਼ਾਮ 6 ਵਜੇ ਸਭ ਤੋਂ ਪਹਿਲਾਂ ਗੁਰੂ ਘਰ ਵਿਖੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਅ ਰਹੇ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਜੀ ਅਤੇ ਭਾਈ ਜਸਵਿੰਦਰ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਆਰਤੀ ਅਤੇ ਸ਼ਬਦ ਬਹੁਤ ਹੀ ਆਨੰਦਮਈ ਲਹਿਜੇ ਵਿਚ ਗਾ ਕੇ ਗੁਰੂ ਘਰ ਵਿਖੇ ਇਕੱਤਰ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਉਹਨਾਂ ਹੋਰ ਵੀ ਸ਼ਬਦ ਗਾਇਨ ਕੀਤੇ।

ਇਸ ਮੌਕੇ ਇਹਨਾਂ ਤੋਂ ਇਲਾਵਾ ਬਾਕੀ ਜਿਹਨਾਂ ਰਾਗੀ ਸਿੰਘ ਸਾਹਿਬਾਨ ਜਥਿਆਂ ਨੇ ਸ਼ਬਦ ਗਾਇਨ ਕੀਤਾ, ਉਹਨਾਂ ਵਿਚ ਭਾਈ ਹਰਭਜਨ ਸਿੰਘ, ਭਾਈ ਜੋਗਿੰਦਰ ਸਿੰਘ ਜਾਰਜ ਵਾਸ਼ਿੰਗਟਨ ਗੁਰੂ ਘਰ ਤੋਂ, ਭਾਈ ਮਨਜੀਤ ਸਿੰਘ ਮਲੇਸ਼ੀਆ ਵਾਲੇ, ਲਾਈਵ ਓਕ ਤੋਂ ਭਾਈ ਬਲਬੀਰ ਸਿੰਘ ਜੀ, ਭਾਈ ਫਤਿਹ ਸਿੰਘ, ਭਾਈ ਸੂਰਤ ਸਿੰਘ ਤੇ ਭਾਈ ਗਗਨਦੀਪ ਸਿੰਘ ਐਲਸੀ ਗੁਰੂ ਘਰ ਵਾਲੇ, ਭਾਈ ਅਜਮੇਰ ਸਿੰਘ ਰੋਜ਼ਵਿਲ ਵਾਲੇ, ਭਾਈ ਬਲਜੀਤ ਸਿੰਘ ਨਰੋਲੀ, ਨਾਭੇ ਵਾਲੀਆਂ ਬੀਬੀਆਂ ਦਾ ਜਥਾ, ਭਾਈ ਤਾਰਾ ਸਿੰਘ ਨਾਨਕਸਰ ਤੋਂ ਇਲਾਵਾ ਜਿਹਨਾਂ ਬੁਲਾਰਿਆਂ ਨੇ ਗੁਰੂ ਜੀ ਦੇ ਬਾਰੇ ਦੋ ਸ਼ਬਦ ਬੋਲੇ, ਉਹਨਾਂ ਵਿਚ ਮਾਸਟਰ ਅਮਰੀਕਾ ਸਿੰਘ, ਪਲਵਿੰਦਰ ਸਿੰਘ ਕਰੀਹਾ, ਪ੍ਰੇਮ ਕੁਮਾਰ ਚੁੰਬਰ ਆਦਿ ਵਰਣਨਯਗ ਹਨ।

ਇਸ ਮਹਾਨ ਨਗਰ ਕੀਰਤਨ ਦੀ ਸੇਵਾ ਭਾਈ ਗੁਰਨਾਮ ਸਿੰਘ ਭੰਡਾਲ ਅਤੇ ਭੰਡਾਲ ਕੰਸਟ੍ਰਕਸ਼ਨਜ਼ ਵੱਲੋਂ ਬਹੁਤ ਹੀ ਸ਼ਰਧਾ ਪੂਰਵਕ ਕੀਤੀ ਗਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਉਹਨਾਂ ਦਾ ਧੰਨਵਾਦ ਕਰਦਿਆਂ ਸਿਰੋਪਾਓ ਨਾਲ ਸਨਮਾਨ ਕੀਤਾ। ਅੱਜ ਦੇ ਇਸ ਸਮਾਗਮ ਦੀ ਸਟੇਜ ਵਜੋਂ ਸੇਵਾ ਸ੍ਰੀ ਰਾਮ ਸੇਵਕ ਭਾਅੀਆ ਨੇ ਬਾਖ਼ੂਬੀ ਨਿਭਾਉਂਦਿਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ, ਸੇਵਾ ਕਰਨ ਵਾਲੇ ਸਾਰੇ ਸੇਵਕਾਂ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਅਤੇ ਸਭਨਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਗੁਰੂ ਘਰ ਦੇ ਪਾਰਕਿੰਗ ਲਾਟਸ ਅਤੇ ਨਵੀਂ ਖਰੀਦੀ ਬਿਲਡਿੰਗ ਲਈ ਵੱਧ ਤੋਂ ਵੱਧ ਵਿੱਤ ਅਨੁਸਾਰ ਮਾਇਆ ਨਾਲ ਸੇਵਾ ਕਰਨ। ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

# ਹਰਜੱਸ ਸਿੰਘ ਅਮਰੀਕੀ ਫਿਲਮ ਇੰਡਸਟਰੀ 'ਚ ਗੱਡੇਗਾ ਸਫਲਤਾ ਦੇ ਝੰਡੇ!

ਨਿਊਯਾਰਕ— ਪਿਛਲੇ ਮਹੀਨੇ ਪਾਸਾਡੇਨਾ ਦੀ ਰੋਜ਼ ਪਰੇਡ ਵਿਚ ਸ਼ਾਮਲ ਹੋ ਕੇ ਸਿੱਖਾਂ ਵਿਚ ਮਕਬੂਲ ਹੋਏ ਹਰਜੱਸ ਸਿੰਘ ਸੇਠੀ ਅਮਰੀਕਾ ਦੀ ਫਿਲਮ ਇੰਡਸਟਰੀ ਵੱਲ ਆਪਣੇ ਕਦਮ ਤੇਜ਼ੀ ਨਾਲ ਵਧਾ ਚੁੱਕਿਆ ਹੈ।

ਅਮਰੀਕਾ ਵਿਚ ਸਿੱਖਾਂ ਨੂੰ ਵੱਖਰੀ ਪਛਾਣ ਦਿਵਾਉਣ ਲਈ ਹਰਜੱਸ ਨੇ ਸਾਇੰਸ ਦੀ ਪੜ੍ਹਾਈ ਛੱਡ ਕੇ ਫਿਲਮ ਐਂਡ ਮੀਡੀਆ ਆਰਟਸ ਵੱਲ ਆਪਣੇ ਕਦਮ ਵਧਾ ਦਿੱਤੇ ਅਤੇ ਹੁਣ ਤੱਕ ਉਹ ਕਈ ਫਿਲਮਾਂ ਵੀ ਬਣਾ ਚੁੱਕਾ ਹੈ, ਜਿਨ੍ਹਾਂ ਵਿਚ ਸਿੱਖਾਂ ਨੂੰ ਸੁਪਰਹੀਰੋਜ਼ ਵਾਂਗ ਪੇਸ਼ ਕੀਤਾ ਗਿਆ ਹੈ, ਜੋ ਅਪਰਾਧਾਂ ਖਿਲਾਫ ਪ੍ਰੌੜਤਾ ਨਾਲ ਲੜਦੇ ਦਿਖਾਈ ਦਿੰਦੇ ਹਨ।



ਅਮਰੀਕਾ ਦੇ ਸਿਨਸਿਨਾਟੀ ਵਿਚ ਪੈਦਾ ਹੋਇਆ ਹਰਜੱਸ ਇਸ ਸਮੇਂ ਚੈਪਮੈਨ ਦੇ ਡੌਜ਼ ਕਾਲਜ ਆਫ ਫਿਲਮ ਐਂਡ ਮੀਡੀਆ ਆਰਟਸ ਵਿਚ ਦੂਜੇ ਸਾਲ ਦਾ ਗ੍ਰੈਜੂਏਟ ਵਿਦਿਆਰਥੀ ਹੈ। ਹਰਜੱਸ ਦਾ ਕਹਿਣਾ ਹੈ ਕਿ ਉਹ ਸਿੱਖਾਂ ਲਈ ਕੁਝ ਵੱਖਰਾ ਕਰਨਾ ਚਾਹੁੰਦਾ ਹੈ ਇਸ ਲਈ ਉਸ ਨੇ ਇਹ ਲਾਈਨ ਚੁਣੀ। ਹਰਜੱਸ ਆਪਣੀ ਥੀਸਿਸ ਵੀ ਭਗਤ ਸਿੰਘ ਥਿੰਦ ਦੇ ਜੀਵਨ 'ਤੇ ਲਿਖ ਰਿਹਾ ਹੈ। ਥਿੰਦ ਪਹਿਲੀ ਸੰਸਾਰ ਜੰਗ ਦੌਰਾਨ ਅਮਰੀਕਨ ਫੌਜ ਵੱਲੋਂ ਲੜੇ ਸਨ ਤੇ ਜਦੋਂ ਉਹ ਅਮਰੀਕਾ ਵਾਪਸ ਆਏ ਤਾਂ ਉਨ੍ਹਾਂ ਤੋਂ ਅਮਰੀਕਾ ਦੀ ਨਾਗਰਿਕਤਾ ਖੋਹ ਲਈ ਗਈ। ਹਰਜੱਸ ਦਾ ਕਹਿਣਾ ਹੈ ਕਿ ਥਿੰਦ ਵਾਂਗ ਸਿੱਖਾਂ ਨੂੰ ਅਮਰੀਕਾ ਵਿਚ ਕਦੇ ਆਪਣਾ ਹੱਕ ਨਹੀਂ ਮਿਲਿਆ।

ਅਮਰੀਕੀ ਫੌਜ ਵਿਚ ਇਟਲੀਅਨ ਤੇ ਆਇਰਿਸ਼ ਲੋਕਾਂ ਨੂੰ ਤਾਂ ਥਾਂ ਮਿਲੀ ਪਰ ਸਿੱਖਾਂ ਨੂੰ ਕਦੇ ਮਾਨਤਾ ਨਹੀਂ ਮਿਲੀ। ਇਸ ਲਈ ਹਰਜੱਸ ਹੁਣ ਅਮਰੀਕੀ ਫਿਲਮਾਂ ਵਿਚ ਸਿੱਖਾਂ ਨੂੰ ਚਿਤਰਿਤ ਕਰਕੇ ਕੋਸ਼ਿਸ਼ ਕਰੇਗਾ ਅਮਰੀਕੀ ਲੋਕਾਂ ਦੀ ਸਿੱਖਾਂ ਪ੍ਰਤੀ ਧਾਰਨਾ ਬਦਲ ਸਕੇ।

# 13 ਫਰਵਰੀ ਨੂੰ ਰਿਲੀਜ਼ ਹੋਵੇਗੀ ਮੈਸੇਂਜਰ ਆਫ ਗੌਡ

ਚੰਡੀਗੜ੍ਹ- ਪਿਛਲੇ ਕਈ ਸਮੇਂ ਤੋਂ ਵਿਵਾਦਾਂ 'ਚ ਘਿਰੀ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਦੀ ਫਿਲਮ ਨੂੰ 'ਮੈਸੇਂਜਰ ਆਫ ਗੌਡ' 'ਤੇ ਪੰਜਾਬ ਹਰਿਆਣਾ ਹਾਈਕੋਰਟ ਨੇ ਵੱਡਾ ਫੈਸਲਾ ਲਿਆ ਹੈ। ਪੰਜਾਬ ਹਰਿਆਣਾ ਹਾਈਕੋਰਟ ਫਿਲਮ ਮੈਸੇਂਜਰ ਆਫ ਗੌਡ 'ਤੇ ਹੋਏ ਐਲਾਨ ਮੁਤਾਬਕ ਇਹ ਫਿਲਮ 13 ਫਰਵਰੀ ਨੂੰ ਹਰ ਹਾਲ 'ਚ ਰਿਲੀਜ਼ ਹੋਵੇਗੀ। ਹਾਈਕੋਰਟ 'ਚ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਬੁੱਧਵਾਰ ਨੂੰ ਇਸ ਫਿਲਮ 'ਤੇ ਰੋਕ ਲਗਾਉਣ ਤੋਂ ਮਨ੍ਹਾ ਕਰ ਦਿੱਤਾ ਹੈ। ਹਾਈਕੋਰਟ ਨੇ ਕੇਂਦਰ ਸਰਕਾਰ ਅਤੇ ਸੈਂਸਰ ਬੋਰਡ ਨੂੰ ਤਲਬ ਕਰਕੇ ਜਵਾਬ ਮੰਗਿਆ ਹੈ ਕਿ ਫਿਲਮ ਰਿਲੀਜ਼ ਕਿਉਂ ਨਾ ਕੀਤੀ ਜਾਵੇ। ਮਾਮਲੇ 'ਚ ਅਗਲੀ ਸੁਣਵਾਈ 3 ਮਾਰਚ ਨੂੰ ਹੋਵੇਗੀ। ਪੰਜਾਬ ਸਰਕਾਰ ਨੇ ਪਹਿਲਾਂ ਹੀ ਇਸ ਫਿਲਮ 'ਤੇ ਬੈਨ ਲਗਾ ਹੋਇਆ ਹੈ ਹਾਲਾਂਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫਿਲਮ 'ਤੇ ਰੋਕ ਹਟਾਉਣ ਦੀ ਸੰਭਾਵਨਾ ਵੀ ਜਤਾਈ ਸੀ। ਜ਼ਿਕਰਯੋਗ ਹੈ ਕਿ ਮੋਹਾਲੀ ਦੇ ਕਲਗੀਧਰ ਸੇਵਕ ਜਥੇ ਦੀ ਇਹ ਜਨਹਿਤ ਪਟੀਸ਼ਨ ਜੱਜ ਐਸ.ਕੇ. ਮਿੱਤਲ ਅਤੇ ਜੱਜ ਦੀਪਕ ਸਿੱਬਲ ਦੀ ਬੈਂਚ ਸਾਹਮਣੇ ਸੁਣਵਾਈ ਲਈ ਆਈ ਸੀ। ਪਟੀਸ਼ਨਕਰਤਾ ਨੇ ਦਾਅਵਾ ਕੀਤਾ ਹੈ ਕਿ ਫਿਲਮ ਦੇ ਰਿਲੀਜ਼ ਹੋਣ ਨਾਲ ਪੰਜਾਬ ਅਤੇ ਹਰਿਆਣਾ 'ਚ ਸਥਿਤੀ ਵਿਗੜ ਸਕਦੀ ਹੈ।

# ਫਲਿਸਤੀਨੀ ਗੁੱਸੇ ਦਾ ਪ੍ਰਤੀਕ ਬਣੀ ਜੇਲ 'ਚ ਬੰਦ ਸਕੂਲੀ ਲੜਕੀ

ਬੇਤੀਨ- ਇਜ਼ਰਾਇਲੀ ਫੌਜੀਆਂ 'ਤੇ ਹਮਲਾ ਕਰੇ ਦੀ ਕੋਸ਼ਿਸ਼ ਕਰਨ ਵਾਲੀ ਜੇਲ 'ਚ ਬੰਦ 14 ਸਾਲ ਦੀ ਸਕੂਲੀ ਲੜਕੀ ਫਲਿਸਤੀਨੀ ਗੁੱਸੇ ਦੀ ਪ੍ਰਤੀਕ ਬਣ ਗਈ ਹੈ। ਪੱਥਰ ਸੁੱਟਣ ਅਤੇ ਚਾਕੂ ਰੱਖਣ ਦੇ ਦੋਸ਼ 'ਚ ਦੋ ਮਹੀਨੇ ਦੀ ਸਜ਼ਾ ਪ੍ਰਾਪਤ ਮਲਕ ਅਲ ਖਤੀਬ ਨੇ ਫਲਿਸਤੀਨੀਆਂ ਵਿਚਾਲੇ ਇਕਜੁੱਟਤਾ ਦੀ ਲਹਿਰ ਪੈਦਾ ਕਰ ਦਿੱਤੀ ਹੈ। ਰਮੱਲਾ ਨੇੜੇ ਬੇਤੀਨ ਸ਼ਹਿਰ ਸਥਿਤ ਆਪਣੇ ਘਰ 'ਚ ਮਲਕ ਦੀ ਮਾਂ ਖਵਲਾ ਅਲ ਖਤੀਬ ਨੇ ਦੱਸਿਆ ਕਿ ਜਦੋਂ ਉਸ ਨੇ ਆਪਣੀ ਧੀ ਨੂੰ ਅਦਾਲਤ 'ਚ ਦੇਖਿਆ ਤਾਂ ਉਸ ਦਾ ਦਿਲ ਟੁੱਟ ਗਿਆ। ਇਸ 50 ਸਾਲਾ ਦੁਖੀ ਔਰਤ ਨੇ ਦੱਸਿਆ ਕਿ ਠੰਡ ਹੋਣ ਕਾਰਨ ਉਹ ਉਸ ਦੇ ਲਈ ਇਕ ਕੋਟ ਲੈ ਕੇ ਆਈ ਸੀ ਪਰ ਜੱਜ ਨੇ ਉਸ ਨੂੰ ਇਸ ਨੂੰ ਲੈਣ ਤੋਂ ਰੋਕ ਦਿੱਤਾ।



ਮਨੁੱਖੀ ਅਧਿਕਾਰ ਸੰਗਠਨ ਡਿਫੈਂਸ ਫਾਰ ਚਿਲਡਰਨ ਇੰਟਰਨੈਸ਼ਨਲ ਫਲਿਸਤੀਨ (ਡੀ. ਸੀ. ਆਈ. ਫਲਿਸਤੀਨ) ਦੇ ਮੁਤਾਬਕ, ਇਜ਼ਰਾਇਲੀ ਫੌਜੀ ਅਧਿਕਾਰਤ ਪੱਛਮੀ ਖੇਤਰ ਤੋਂ ਹਰ ਸਾਲ ਪੱਥਰ ਸੁੱਟਣ ਦੇ ਦੋਸ਼ 'ਚ ਲਗਭਗ 1000 ਬੱਚਿਆਂ ਨੂੰ ਗ੍ਰਿਫਤਾਰ ਕਰਦੇ ਹਨ। ਹਾਲਾਂਕਿ ਮਲਕ ਦੇ ਮਾਮਲੇ ਨੂੰ ਮੀਡੀਆ ਸੰਗਠਨਾਂ ਨੇ ਕਾਫੀ ਤਵੱਜੋ ਦਿੱਤੀ ਹੈ ਅਤੇ ਇਸ ਘਟਨਾ ਨੇ ਕਾਫੀ ਲੋਕਾਂ ਦਾ ਧਿਆਨ ਖਿੱਚਿਆ ਹੈ। ਫਰਕ ਇਹ ਹੈ ਕਿ ਮਲਕ ਲੜਕੀ ਹੈ। ਫਲਿਸਤੀਨੀ ਪ੍ਰਿਜ਼ਨਰ ਕਲੱਬ ਦੇ ਅੰਦਾਜ਼ੇ ਮੁਤਾਬਕ ਇਜ਼ਰਾਇਲ ਦੀਆਂ ਜੇਲਾਂ 'ਚ ਲਗਭਗ 200 ਫਲਿਸਤੀਨੀ ਮਾਸੂਮ ਬੱਚੇ ਬੰਦ ਹਨ। ਇਨ੍ਹਾਂ 'ਚ ਸਿਰਫ ਚਾਰ ਲੜਕੀਆਂ ਹਨ ਅਤੇ ਮਲਕ ਦੀ ਉਮਰ ਉਨ੍ਹਾਂ 'ਚੋਂ ਸਭ ਤੋਂ ਘੱਟ ਹੈ।







# Sam's Auto Repair & Services

**Professional Auto Repairs & Services**
**BRAKE & LAMP INSPECTION**
**Domestic & Foreign Cars**

## STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

**(916) 992-9004**

SMOG N TAG
(916) 334-7664
6421 Watt Ave.
North Highlands, CA 95660
STAR Certified
$10.00 Off initial Smog Check
Restrictions Apply - See Store for Details

# ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ ਤੇ ਡੀ. ਐਮ. ਵੀ. ਰਿਕਾਰਡ ਵਧੀਆ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**209-479-0242**

FREE WiFi

Ram Gopal

Annabelle's
Pizza & Pasta Kitchen

200 "J" Street
Sacramento, CA 95814 (916) 448-6239

BIG SCREEN TV

# Annabelle's
## Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Features All you can eat italian Buffet
(Our Dough is Freshly Rolled Daily and Made of the Finest Ingredients)
Now Serving Beer &Wine!

$5 DISCOUNT PARKING VALIDATION
ANNABELLE'S Downstairs
2nd Street
J Street
HANDICAP RAMP
PARKING AREA

Ram Gopal

Varieties of Video Games Available
Variety of Sandwiches are also available
FREE WiFi

Ram Gopal (916) 448-6239
200 "J" Street, Sacramento, CA 95814

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

# ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

# ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



**ਖੁੱਲ੍ਹ ਗਿਆ ਹੈ ਸਟਾਕਟਨ ਵਿਚ**

ਸਾਡੇ ਕੋਲ ਪੂਰੇ ਹੈ ਹਾਈਟੈਕ Equipment
ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-242-3642**

Email:-
NEWZINDGI@GMAIL.COM

ਦੇਸ਼ ਦੁਆਬਾ

# ਹੁਣ ਦਿੱਲੀ ਦੁਆਲੇ ਘੁੰਮੀ ਭਾਰਤ ਦੀ ਸਿਆਸਤ

ਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਤਿੰਨ ਦਿਨਾ ਭਾਰਤ ਫੇਰੀ ਤੋਂ ਬਾਅਦ ਇਕ ਵਾਰ ਫਿਰ ਭਾਰਤ ਦੀ ਸਿਆਸਤ ਦਿੱਲੀ ਵੱਲ ਮੁੜ ਗਈ ਹੈ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਜਿੱਥੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਲਈ ਇਕ ਵੱਡੀ ਚੁਣੌਤੀ ਬਣ ਗਈਆਂ ਹਨ, ਉਥੇ ਹੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਚੰਭੇਜਨਕ ਜਿੱਤ ਹਾਸਲ ਕਰਕੇ 49 ਦਿਨ ਸਰਕਾਰ ਚਲਾਉਣ ਵਾਲੇ ਕੇਜਰੀਵਾਲ ਦੇ ਜਲਵੇ ਨੂੰ ਤੋੜਨ ਲਈ ਭਾਜਪਾ ਨੇ ਇਸ ਵਾਰ ਅੱਡੀ ਚੋਟੀ ਦਾ ਜ਼ੋਰ ਲਗਾ ਦਿੱਤਾ ਹੈ। ਦਿੱਲੀ ਹਾਲਾਂਕਿ ਭਾਰਤ ਦਾ ਇਕ ਸ਼ਹਿਰਨੁਮਾ ਸੂਬਾ ਹੈ ਜਿਸ ਦੀਆਂ ਲੋਕ ਸਭਾ ਵਿਚ 7 ਸੀਟਾਂ ਹਨ ਅਤੇ ਵਿਧਾਨ ਸਭਾ ਦੀਆਂ 70 ਦੇ ਕਰੀਬ ਸੀਟਾਂ ਹਨ। 2 ਕਰੋੜ ਤੋਂ ਜ਼ਿਆਦਾ ਆਬਾਦੀ ਵਾਲਾ ਇਹ ਸੂਬਾ ਕੇਂਦਰੀ ਰਾਜਨੀਤੀ ਦਾ ਧੁਰਾ ਮੰਨਿਆ ਜਾਂਦਾ ਹੈ।ਭਾਰਤ ਦੀ ਕੌਮੀ ਰਾਜਧਾਨੀ ਹੋਣ ਕਾਰਨ ਦਿੱਲੀ ਦੀਆਂ ਚੋਣਾਂ ਦਾ ਕੇਂਦਰੀ ਸਿਆਸਤ ਤੇ ਸਿੱਧਾ ਅਸਰ ਪੈਂਦਾ ਹੈ।

ਪਿਛਲੀਆਂ ਚੋਣਾਂ ਵਿਚ ਭਾਜਪਾ ਦੇ ਜੇਤੂ ਰੱਥ ਨੂੰ ਦਿੱਲੀ ਵਿਚ ਰੋਕ ਦੇਣ ਵਾਲੇ ਕੇਜਰੀਵਾਲ ਇਸ ਵਾਰ ਫਿਰ ਪੂਰੀ ਤਾਕਤ ਨਾਲ ਚੋਣ ਲੜ ਰਹੇ ਹਨ। ਉਹਨਾਂ ਦੇ ਮੁਕਾਬਲੇ ਹਾਲੇ ਵੀ ਭਾਜਪਾ ਨੂੰ ਇਹ ਯਕੀਨ ਨਹੀਂ ਕਿ ਉਹ ਆਸਾਨੀ ਨਾਲ ਚੋਣਾਂ ਜਿੱਤਣ ਦੇਣਗੇ। ਹਾਲਾਂਕਿ ਭਾਜਪਾ ਪਿਛਲੀ ਵਾਰ ਵੀ ਵੱਡੀ ਪਾਰਟੀ ਦੇ ਰੂਪ ਵਿਚ ਉਭਰੀ ਸੀ, ਪਰ ਬਹੁਮਤ ਤੋਂ ਪਿੱਛੇ ਰਹਿ ਜਾਣ ਕਾਰਨ ਇਸ ਪਾਰਟੀ ਦੀਆਂ ਦੁਸ਼ਵਾਰੀਆਂ ਵੱਧ ਗਈਆਂ ਸਨ। ਪਰ ਅਚੰਭੇ ਦੀ ਗੱਲ ਹੈ ਕਿ ਇਕ ਪਾਸੇ ਪੂਰੇ ਭਾਰਤ ਵਿਚ ਭਾਜਪਾ ਦੀ ਲਹਿਰ ਚੱਲ ਰਹੀ ਸੀ, ਪਰ ਦਿੱਲੀ ਵਿਚ ਭਾਜਪਾ ਆਪਣੀ ਇਸ ਲਹਿਰ ਦੇ ਬਾਵਜੂਦ ਕੇਜਰੀਵਾਲ ਤੋਂ ਮਾਤ ਖਾ ਗਈ। ਕੇਜਰੀਵਾਲ ਨੂੰ ਇਸ ਉਭਾਰ ਨੇ ਹੀ ਕੇਂਦਰੀ ਰਾਜਨੀਤੀ ਵਿਚ ਕੁੱਦਣ ਲਈ ਪ੍ਰੇਰਿਆ ਅਤੇ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁਕਾਬਲੇ ਵਾਰਾਨਸੀ ਵਿਚ ਜਾ ਟਕਰਾਏ, ਜਿੱਥੇ ਉਹਨਾਂ ਨੂੰ ਭਾਰੀ ਮਾਤ ਖਾਣੀ ਪਈ ਅਤੇ ਦਿੱਲੀ ਵਿਚ ਸਰਕਾਰ ਵੀ ਚਲੀ ਗਈ।

ਇਸ ਵਾਰ ਭਾਜਪਾ ਨੂੰ ਆਪਣੀ ਜਿੱਤ ਯਕੀਨੀ ਨਾ ਹੋਣ ਕਾਰਨ ਇਸ ਪਾਰਟੀ ਨੇ ਅੰਨਾ ਹਜ਼ਾਰੇ ਦੀ ਟੀਮ ਦੇ ਹੀ ਇਕ ਸਰਗਰਮ ਮੈਂਬਰ ਅਤੇ ਚਰਚਿਤ ਪੁਲਿਸ ਅਫਸਰ ਅਤੇ ਲੇਖਿਕਾ ਬੀਬੀ ਕਿਰਨ ਬੇਦੀ ਨੂੰ ਕੇਜਰੀਵਾਲ ਦੇ ਮੁਕਾਬਲੇ ਮੈਦਾਨ ਵਿਚ ਉਤਾਰਿਆ ਹੈ। ਕਿਰਨ ਬੇਦੀ ਇਕ ਤਜਰਬੇਕਾਰ ਅਫਸਰ ਹੀ ਨਹੀਂ, ਬਲਕਿ ਭਾਰਤੀ ਰਾਜਨੀਤੀ ਦੀ ਵੀ ਬਹੁਤ ਜਾਣਕਾਰ ਹੈ। ਉਸ ਕੋਲ ਚੋਣ ਮੁਹਿੰਮਾਂ ਤੋਂ ਲੈ ਕੇ ਰੋਸ ਪ੍ਰਦਰਸ਼ਨ ਅਤੇ ਕੌਮੀ ਪੱਧਰ ਤੇ ਲਹਿਰਾਂ ਨੂੰ ਚਲਾਉਣ ਦਾ ਤਜਰਬਾ ਹੈ। ਕੇਜਰੀਵਾਲ ਦੀ ਸਮੱਸਿਆ ਹੁਣ ਇਹ ਹੈ ਕਿ ਉਹ ਕਿਰਨ ਬੇਦੀ ਦਾ ਮੁਕਾਬਲਾ ਕਿਵੇਂ ਕਰਦੇ ਹਨ। ਇਕ ਗੱਲ ਯਕੀਨ ਨਾਲ ਕਹਿਣਾ ਬਣਦੀ ਹੈ ਕਿ ਭਾਜਪਾ ਦੇ ਕੋਲ ਕੇਜਰੀਵਾਲ ਦਾ ਮੁਕਾਬਲਾ ਕਰਨ ਵਾਲਾ ਲੀਡਰ ਨਹੀਂ ਹੈ, ਇਸ ਕਰਕੇ ਦਿੱਲੀ ਵਿਚ ਕਿਰਨ ਬੇਦੀ ਦੇ ਉਤੇ ਦਾਅ ਲਗਾਇਆ ਹੈ। ਜੇਕਰ ਕਿਰਨ ਬੇਦੀ ਕੇਜਰੀਵਾਲ ਨੂੰ ਹਰਾ ਦਿੰਦੀ ਹੈ ਤਾਂ ਇਸ ਨਾਲ ਭਾਜਪਾ ਨੂੰ ਭਾਰੀ ਫਾਇਦਾ ਹੋਵੇਗਾ ਪਰ ਜੇਕਰ ਕੇਜਰੀਵਾਲ ਦੁਬਾਰਾ ਜਿੱਤ ਗਏ ਤਾਂ ਇਸ ਦਾ ਕੌਮੀ ਰਾਜਨੀਤੀ ਉਤੇ ਸਿੱਧਾ ਅਸਰ ਪਵੇਗਾ। ਇਹ ਵੀ ਹੋ ਸਕਦਾ ਹੈ ਕਿ ਅਗਲੀ ਵਾਰ ਕਾਂਗਰਸ ਵਰਗੀ ਪਾਰਟੀ ਵੀ ਕੇਜਰੀਵਾਲ ਤੇ ਦਾਅ ਲਗਾ ਸਕਦੀ ਹੈ।



**– ਤਰਸੇਮ ਜਲੰਧਰੀ**

# ਅਸੀਂ ਖ਼ੁਦਾ ਦੀਆਂ ਬਰਕਤਾਂ ਤੋਂ ਕਿਉਂ ਵਾਂਝੇ ਹਾਂ




ਕਲਾਮ ਦਸਦਾ ਹੈ ਕਿ ਸਾਰੇ ਧਰਮਾਂ ਵਿਚ ਸਚਾਈ ਹੈ। ਸਾਰੇ ਲੋਕ ਇਕੋ ਖ਼ੁਦਾ ਦੀ ਰਚਨਾ ਹਨ। ਸਾਰੇ ਸੰਸਾਰ ਤੇ 164 ਦੇਸ਼ ਹਨ ਜੋ ਕਦੀ ਆਪਣੇ ਆਪ ਨੂੰ ਈਸਾਈ ਦੇਸ਼ ਕਹਾਉਂਦੇ੧ਓਨ ਪਰ ਅੱਜ ਉਹ ਆਪਣੇ ਆਪ ਨੂੰ ਸੈਕੂਲਰ ਦੇਸ਼ ਕਹਾਉਂਦੇ ਹਨ। ਇੰਨ੍ਹਾਂ ਸਾਰੇ ਦੇਸ਼ਾਂ ਦੀ ਨੀਂਹ ਕਿਉਂਕਿ ਈਸਾਈ ਸਿਖਿਆ ਤੇ ਟਿਕੀ ਹੋਈ ਹੈ ਇਸ ਕਰਕੇ ਇੰਨ੍ਹਾਂ ਸਾਰੇ ਦੇਸ਼ਾਂ ਵਿੱਚ ਸਾਰੇ ਧਰਮਾਂ ਅਤੇ ਉਹਨਾਂ ਦੇ ਧਾਰਮਿਕ ਸਥਾਨਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਕਿਸੇ ਨੂੰ ਵੀ ਕਿਸੇ ਦੇ ਧਾਰਮਿਕ ਅਸਥਾਨ ਨੂੰ ਕਿਸੇ ਵੀ ਕਿਸਮ ਦਾ ਨੁਕਸਾਨ ਪਹੁੰਚਾਉਣ ਦੀ ਆਗਿਆ ਨਹੀਂ ਹੈ। ਨਾ ਹੀ ਕਿਸੇ ਧਰਮ ਦੇ ਲੋਕਾਂ ਵਿਰੁਧ ਨਫਰਤ ਦਾ ਜ਼ਹਿਰ ਫੈਲਾਉਣ ਦੀ ਆਗਿਆ ਹੈ। ਇਹ ਸਾਰੇ ਦੇਸ਼ ਅਮੀਰ ਦੇਸ਼ ਮੰਨੇ ਜਾਂਦੇ ਹਨ।

ਇਤਿਹਾਸ ਦਸਦਾ ਹੈ ਕਿ ਜਿੰਨ੍ਹਾਂ ਜਿੰਨ੍ਹਾਂ ਦੇਸ਼ਾਂ ਵਿਚ ਵੀ ਈਸਾਈਅਤ ਗਈ, ਉਹ ਅਮੀਰ ਹੁੰਦੇ ਗਏ। ਇੰਗਲੈਂਡ ਵਿਚ ਈਸਾਈਅਤ ਤੀਜੀ ਚੌਥੀ ਸਦੀ ਵਿਚ ਗਈ ਜਦ ਕਿ ਅਮਰੀਕਾ ਨੂੰ ਈਸਾਈਅਤ ਅਪਨਾਇਆਂ ਢਾਈ ਪੌਣੇ ਤਿੰਨ ਸੌ ਸਾਲ ਹੀ ਹੋਏ ਹਨ।

ਭਾਰਤ ਵਿਚ ਈਸਾਈਅਤ ਪਹਿਲੀ ਸਦੀ ਤੋਂ ਹੈ ਪਰ ਜੋ ਬਰਕਤਾਂ ਦੂਸਰੇ ਦੇਸ਼ਾਂ ਦੇ ਈਸਾਈਆਂ ਨੂੰ ਪ੍ਰਾਪਤ ਹਨ ਉਹ ਭਾਰਤ ਦੇ ਈਸਾਈਆਂ ਨੂੰ ਨਹੀਂ।

ਨੁਕਸ ਕਿਥੇ ਪਿਆ?

(1) ਜਾਤੀਵਾਦ ਨੂੰ ਈਸਾਈਅਤ ਵਿਚ ਕੋਈ ਸਥਾਨ ਨਹੀਂ ਹੈ ਕਿਉਂਕਿ ਜਾਤੀਵਾਦ ਦੀ ਨੀਂਹ ਵਿਤਕਰੇ ਉਤੇ ਟਿਕੀ ਹੋਈ ਹੈ ਅਤੇ ਇਹ ਵਿਸ਼ਵ ਭਾਈਚਾਰੇ ਦੀ ਭਾਵਨਾ ਦੇ ਵਿਰੁਧ ਹੈ। ਪ੍ਰਭੂ ਯਿਸੂ ਜਾਤੀਵਾਦ ਦੇ ਵਿਰੁਧ ਹਨ ਪਰ ਭਾਰਤ ਦੇ ਬਹੁਤੇ ਈਸਾਈ ਅਤੇ ਖਾਸ ਕਰਕੇ ਪ੍ਰੋਹਿਤ ਸ਼੍ਰੇਣੀ ਦਾ ਇਕ ਵੱਡਾ ਹਿੱਸਾ ਆਪਣੇ ਨਾਂ ਦੇ ਨਾਲ ਆਪਣੀ ਜਾਤੀ ਦਾ ਪ੍ਰਗਟਾਵਾ ਕਰਨ ਵਿੱਚ ਮਾਣ ਮਹਿਸੂਸ ਕਰਦਾ ਹੈ- ਦਖਣੀ ਭਾਰਤ ਦੇ ਬਹੁਤ ਸਾਰੇ ਚਰਚਾਂ ਵਿਚ ਜਾਤੀ ਪ੍ਰਥਾ ਬਹੁਤ ਕਰੂਰ ਰੂਪ ਵਿਚ ਮੌਜੂਦ ਹੈ- ਉਥੇ ਅਖੌਤੀ ਉਚੱ ਜਾਤੀਆਂ ਦੇ ਚਰਚ, ਪਾਦਰੀ, ਬਿਸ਼ਪ ਤੇ ਕਬਰਿਸਤਾਨ ਅਲਗ ਹਨ।

ਅਖਾਉਤੀ ਉੱਚ ਜਾਤੀਆਂ ਅਤੇ ਦਲਿਤ ਸਮਝੇ ਜਾਂਦੇ ਈਸਾਈਆਂ ਵਿੱਚ ਕੋਈ ਸਮਾਜਿਕ ਸੰਬੰਧ ਨਹੀਂ ਹਨ। 2002 ਵਿਚ ਗੋਆ ਵਿਚ ਕੁਝ ਬਹੁਤ ਜ਼ਿਮੇਵਾਰ ਸਮਝੇ ਜਾਣ ਵਾਲੇ ਈਸਾਈਆਂ ਨੇ ਆਰਚ ਬਿਸ਼ਪ ਤੋਂ ਮੰਗ ਕੀਤੀ ਸੀ ਕਿ ਸਾਡੇ ਚਰਚਾਂ ਵਿਚ ਹੁਣ ਦਲਿਤ ਕਰਿਸਚੀਅਨ ਆਉਣ ਲਗ ਪਏ ਹਨ। ਜੇਕਰ ਇੰਨ੍ਹਾਂ ਨੂੰ ਨਾ ਰੋਕਿਆ ਗਿਆ ਤਾਂ ਅਸੀਂ ਈਸਾਈਅਤ ਛੱਡ ਜਾਵਾਂਗੇ। ਉਸ ਸਮੇਂ ਮਸੀਹੀ ਸੰਸਾਰ ਨੇ ਲਿਖਿਆ ਸੀ ਕਿ ਜੋ ਲੋਕ 4-5 ਸੌ ਸਾਲਾਂ ਵਿਚ ਵੀ ਪ੍ਰਭੂ ਯਿਸੂ ਨੂੰ ਸਮਝ ਨਹੀਂ ਸਕੇ, ਉਨ੍ਹਾਂ ਲਈ ਇਹੋ ਚੰਗਾ ਹੋਵੇਗਾ ਕਿ ਉਹ ਵਾਪਸ ਉਥੇ ਹੀ ਚਲੇ ਜਾਣ ਜਿਥੋਂ ਆਏ ਸਨ।

(2) ਪ੍ਰੋਹਿਤ ਸ਼੍ਰੇਣੀ ਦਾ ਇਕ ਵੱਡਾ ਹਿੱਸਾ ਇਸ ਹੱਦ ਤਕ ਡਿੱਗ ਗਿਆ ਹੈ ਕਿ ਉਹ ਖ਼ੁਦਾ ਦਾ ਘਰ, ਖ਼ੁਦਾ ਘਰ ਨਾਲ ਸਬੰਧਤ ਜਾਇਦਾਦਾਂ ਅਤੇ ਇਥੋਂ ਤਕ ਕਿ ਕਬਰਿਸਤਾਨ ਤਕ ਵੇਚਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ।

(3) ਵਿਦੇਸ਼ੀ ਮਿਸ਼ਨਰੀਆਂ ਦੇ ਜਾਣ ਪਿਛੋਂ ਅਨੇਕਾਂ ਮਸੀਹੀ ਅਦਾਰੇ- ਸਕੂਲ, ਹਸਪਤਾਲ, ਖੇਤੀ, ਪ੍ਰਾਜੈਕਟ, ਇੰਡਸਟਰੀ ਪ੍ਰਾਜੈਕਟ, ਅਤੇ ਖਰਾਇਤੀ ਸੰਸਥਾਵਾਂ ਦਾ ਨਾ ਕੇਵਲ ਵਿਕਾਸ ਹੀ ਰੁਕ ਗਿਆ ਹੈ ਬਲਕਿ ਬਹੁਤ ਸਾਰੇ ਮਸੀਹੀ ਅਦਾਰੇ ਬੰਦ ਹੀ ਹੋ ਗਏ ਹਨ ਜਾਂ ਬੰਦ ਹੋਇਆਂ ਵਰਗੇ ਹੀ ਹੋ ਕੇ ਰਹਿ ਗਏ ਹਨ। ਇਹ ਅਦਾਰੇ ਇਸ ਦੇਸ਼ ਵਿਚ ਨਾ ਕੇਵਲ ਮਸੀਹਤ ਦੇ ਝੰਡਾ ਬਰਦਾਰ ਹੀ ਸਨ ਬਲਕਿ ਈਸਾਈ ਲੋਕਾਂ ਦੀ ਆਰਥਿਕਤਾ ਅਤੇ ਗੌਰਵ ਦੀ ਨੀਂਹ ਸਨ।

(5) ਈਸਾਈ ਪ੍ਰੋਹਿਤ ਸ਼੍ਰੇਣੀ ਦੇ ਇਕ ਵੱਡੇ ਹਿੱਸੇ ਨੇ ਈਸਾਈਆਂ ਨੂੰ ਇਹ ਆਖ ਕੇ ਗੁੰਮਰਾਹ ਕੀਤਾ ਕਿ ਪਾਲੇਟਿਕਸ ਈਸਾਈ ਧਰਮ ਦੇ ਵਿਰੁਧ ਹੈ ਜਿਸ ਕਰਕੇ ਇਸ ਲੋਕਤੰਤਕ ਦੇਸ਼ ਵਿਚ ਈਸਾਈਆਂ ਦੇ ਸਿਆਸੀ ਤੇ ਆਰਥਿਕ ਵਿਕਾਸ ਦਾ ਰਾਹ ਬੰਦ ਹੋ ਗਿਆ। ਜਦਕਿ ਹਕੀਕਤ ਇਹ ਹੈ ਕਿ ਪਵਿੱਤਰ ਬਾਈਬਲ ਦੇ ਬਹੁਤ ਸਾਰੇ ਪ੍ਰਮੁਖ ਹੀਰੋ ਸਿਆਸੀ ਸ਼ਖਸੀਅਤਾਂ ਹੀ ਹਨ ਜਿਵੇਂ ਕਿ ਹਜ਼ਰਤ ਮੂਸਾ, ਹਜ਼ਰਤ ਜੋਸ਼ੂਆ, ਹਜ਼ਰਤ ਯੂਸਫ, ਹਜ਼ਰਤ ਸੈਮਸਨ, ਹਜ਼ਰਤ ਡੈਨੀਅਲ, ਹਜ਼ਰਤ ਦਾਊਦ, ਹਜ਼ਰਤ ਸੁਲੇਮਾਨ ਆਦਿ।

(6) ਇਸ ਲੋਕਤੰਤਕ ਦੇਸ਼ ਵਿਚ ਈਸਾਈਆਂ ਦੀ ਭੂਮਿਕਾ ਨੂੰ ਲੋਕਾਂ ਨੂੰ ਇਹ ਸਿਖਾ ਕੇ ਨਕਾਰਾ ਕਰ ਦਿਤਾ ਗਿਆ ਕਿ ਸਾਰੀਆਂ ਹਕੂਮਤਾਂ ਖ਼ੁਦਾ ਵਲੋਂ ਹੁੰਦੀਆਂ ਹਨ, ਉਨ੍ਹਾਂ ਦੇ ਤਾਬਿਆ ਰਹੋ ਜਦ ਕਿ ਲਿਖਿਆ ਹੋਇਆ ਇਹ ਹੈ ਕਿ ਆਲ੍ਹਾ ਹਕੂਮਤਾਂ ਦੇ ਤਾਬਿਆਦਾਰ ਰਹੋ ਫਿਰ ਇਹ ਵੀ ਲਿਖਿਆ ਗਿਆ ਹੈ ਕਿ ਸਾਰੀਆਂ ਹਕੂਮਤਾਂ ਖ਼ੁਦਾ ਵਲੋਂ ਨਹੀਂ ਹੁੰਦੀਆਂ। (ਹੋਸ਼ਿਆ 8:4 ਤੋਂ ਅੱਗ) ਭੁਲੇਖਾ ਪਾਊ ਸਿਖਿਆ ਦਾ ਪ੍ਰਚਾਰ ਕਰਕੇ ਈਸਾਈਆਂ ਨੂੰ ਲੋਕਤੰਤਕ ਸਰਕਾਰਾਂ ਦੀਆਂ ਗਲਤੀਆਂ ਤੇ ਕਿੰਤੂ ਕਰਨ ਤੋਂ ਰੋਕਿਆ ਗਿਆ। ਈਸਾਈਆਂ ਦਾ ਲੋਕਤੰਤਕ ਹੱਕ ਵੋਟ ਪਾਉਣ ਤੱਕ ਸੀਮਤ ਕਰ ਦਿਤਾ ਗਿਆ। ਸਰਕਾਰ ਦੇ ਨੁਕਸਦਾਰ ਕੰਮ ਦੀ ਅਲੋਚਨਾ ਕਰਨ ਦੇ ਈਸਾਈਆਂ ਦੇ ਲੋਕਤੰਤਰਕ ਹੱਕ ਨੂੰ ਦੱਬਾ ਦਿੱਤਾ ਗਿਆ ਹੈ।

(7) ਪ੍ਰਭੂ ਯਿਸੂ ਦੀ ਇਸ ਸਿਖਿਆ ਨੂੰ ਕਿ ਜੇਕਰ ਕੋਈ ਤੇਰੀ ਸੱਜੀ ਗਲ੍ਹ ਤੇ ਥੱਪੜ ਮਾਰੇ ਤਾਂ ਤੂੰ ਖਬੀ ਵੀ ਉਸ ਵਲ ਭੁੰਆ ਦੇ, ਇਸ ਢੰਗ ਨਾਲ ਪੇਸ਼ ਕੀਤਾ ਗਿਆ ਕਿ ਉਹ ਲੋਕਾਂ ਨੂੰ ਬੁਜ਼ਦਿਲ ਬਣਾਵੇ। ਜਦ ਕਿ ਇਹ ਸਿਖਿਆ ਬਹਾਦਰੀ ਪੈਦਾ ਕਰਨ ਵਾਲੀ ਹੈ। ਪ੍ਰੋਹਿਤ ਸ਼੍ਰੇਣੀ ਇਸ ਤੱਤ ਨੂੰ ਪੇਸ਼ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ।

ਜਦ ਪ੍ਰਭੂ ਯਿਸੂ ਦੇ ਥੱਪੜ ਮਾਰਿਆ ਗਿਆ ਤਾਂ ਉਨ੍ਹਾਂ ਇਹ ਨਹੀਂ ਕਿਹਾ ਕਿ ਮੇਰੇ ਦੂਸਰੇ ਪਾਸੇ ਵੀ ਮਾਰ ਲੈ। ਉਨ੍ਹਾਂ ਇਸ ਥਪੱੜ ਤੇ ਸਖਤ ਇਤਰਾਜ਼ ਕੀਤਾ। (ਯੂੰਹਨਾ 18:22-23) ਸੰਤ ਪੋਲੂਸ ਦੇ ਜਦ ਥੱਪੜ ਮਾਰਿਆ ਗਿਆ ਤਾਂ ਉਸਨੇ ਥੱਪੜ ਮਾਰਨ ਵਾਲੇ ਨੂੰ ਸਰਾਪ ਦਿੱਤਾ। (ਰਸੂਲਾਂ ਦੇ ਕੰਮ 23:2-3) ਸੋ ਥੱਪੜ ਬਾਰੇ ਪ੍ਰਭੂ ਯਿਸੂ ਦੀ ਸਿਖਿਆ ਨੂੰ ਜਾਂ ਤਾਂ ਸਾਡੀ ਪ੍ਰੋਹਿਤ ਕਲਾਸ ਸਮਝਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਜਾਂ ਉਸਨੇ ਜਾਣ ਬੁਝ ਕੇ ਕੌਮ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਉਸਦੇ ਬੁਜ਼ਦਿਲੀ ਢਕੀ ਰਹੇ।

ਸੋ ਇਹ ਕੁਝ ਕਾਰਣ ਹਨ ਜਿਸ ਕਰਕੇ ਭਾਰਤ ਵਿੱਚ ਈਸਾਈ ਕੌਮ ਖ਼ੁਦਾ ਦੀਆਂ ਉਨ੍ਹਾਂ ਬਰਕਤਾਂ ਤੋਂ ਵਾਂਝੀ ਰਹਿ ਗਈ ਹੈ ਜੋ ਕਿ ਖ਼ੁਦਾ ਵਲੋਂ ਈਸਾਈ ਦੇਸ਼ਾਂ ਵਿੱਚ ਰਹਿ ਰਹੇ ਈਸਾਈਆਂ ਨੂੰ ਹਾਸਲ ਹਨ।

**# ਮੁਖ ਸੰਪਾਦਕ ਮਸੀਹੀ ਸੰਸਾਰ ਜਲੰਧਰ**

# ਗਿਆਨ-ਵਿਗਿਆਨ



**ਮੇਘ ਰਾਜ ਮਿੱਤਰ**
**+91-98887-87440**

## ਰੋਣ ਜਾਂ ਹੱਸਣ ਸਮੇਂ ਅੱਖਾਂ ਵਿੱਚ ਪਾਣੀ ਕਿਵੇਂ ਆ ਜਾਂਦਾ ਹੈ?

ਅਸੀਂ ਜਾਣਦੇ ਹਾਂ ਕਿ ਸਾਡੀਆਂ ਅੱਖਾਂ ਨੂੰ ਗਿੱਲਾ ਰੱਖਣਾ ਸਾਡੇ ਸ਼ਰੀਰ ਲਈ ਇੱਕ ਵੱਡੀ ਲੋੜ ਹੈ। ਜੇ ਸਾਡੀਆਂ ਅੱਖਾਂ ਵਿੱਚ ਪਾਣੀ ਨਹੀਂ ਹੋਵੇਗਾ ਤਾਂ ਅਸੀਂ ਘੁੰਮਾ ਕੇ ਅਗਲੀਆ ਪਿਛ- ਲੀਆ ਵਸਤੂਆਂ ਨਹੀਂ ਵੇਖ ਸਕਾਂਗੇ। ਸਾਡੀ ਉਪਰਲੀ ਪਲਕ ਵਿੱਚ ਇਹ ਖ਼ੂਬੀ ਹੁੰਦੀ ਹੈ ਕਿ ਹਰ ਛੇ ਸੈਕਿੰਡ ਬਾਅਦ ਆਪਣੇ ਆਪ ਬੰਦ ਹੁੰਦੀ ਹੈ। ਹਰੇਕ ਅੱਖ ਦੇ ਬਾਹਰੀ ਕੋਨੇ ਦੇ ਅੰਦਰ ਹੰਝੂਆਂ ਦੀ ਇੱਕ ਗ੍ਰੰਥੀ ਹੁੰਦੀ ਹੈ। ਇਸ ਗ੍ਰੰਥੀ ਵਿੱਚੋਂ ਪਤਲੀਆਂ ਨਾਲੀਆਂ ਹੰਝੂਆਂ ਨੂੰ ਉੱਪਰ ਲੈ ਜਾਂਦੀਆਂ ਹਨ। ਉਪਰਲੀ ਪਲਕ ਦੇ ਬੰਦ ਹੋਣ ਸਮੇਂ ਇਹ ਪਾਣੀ ਬਾਹਰ ਆ ਜਾਂਦਾ ਹੈ ਜੋ ਸਾਡੀਆਂ ਅੱਖਾ ਨੂੰ ਨਮ ਰੱਖਦਾ ਹੈ। ਜਦੋਂ ਅਸੀਂ ਰੋਂਦੇ ਹਾਂ ਜਾਂ ਹੱਸਦੇ ਹਾਂ ਤਾਂ ਸਾਡੀ ਉਪਰਲੀ ਪਲਕ ਇਹਨਾਂ ਗ੍ਰੰਥੀਆਂ ਉੱਪਰ ਦਬਾਉ ਪਾ ਕੇ ਵੱਧ ਹੰਝੂ ਬਾਹਰ ਕੱਢਦੀ ਹੈ।

## ਚੰਦ ਤੇ ਮਨੁੱਖ ਕਿਉਂ ਨਹੀ ਰਹਿ ਸਕਦਾ?

ਧਰਤੀ ਤੇ ਰਹਿਣ ਵਾਲਾ ਕੋਈ ਜੀਵ ਜੰਤੂ ਆਕਸੀਜਨ ਤੋਂ ਬਿਨਾਂ ਨਹੀਂ ਰਹਿ ਸਕਦਾ। ਚੰਦ ਤੇ ਆਕਸੀਜਨ ਦੀ ਹੋਂਦ ਹੀ ਨਹੀਂ ਹੈ। ਇਸ ਲਈ ਕੋਈ ਜੀਵ ਜੰਤੂ ਚੰਦ ਤੇ ਜੀਵਤ ਨਹੀਂ ਰਹਿ ਸਕਦਾ ਹੈ।ਵਿਗਿਆਨੀ ਇਸ ਗੱਲ ਦਾ ਯਤਨ ਕਰ ਰਹੇ ਹਨ ਕਿ ਚੰਦਰਮਾ ਤੇ ਕਿਸੇ ਨਾ ਕਿਸੇ ਢੰਗ ਨਾਲ ਆਕਸੀਜਨ ਪੈਦਾ ਕੀਤੀ ਜਾ ਸਕੇ। ਚੰਦਰਮਾ ਦਾ ਵਾਯ- ਮੰਡਲ ਨਾ ਹੋਣ ਕਰਕੇ ਉੱਥੇ ਉਲਕਾਵਾਂ ਦੀ ਬਰਸਾਤ ਹੁੰਦੀ ਰਹਿੰਦੀ ਹੈ ਕਿਉਂਕਿ ਧਰਤੀ ਦਾ ਵਾਯੂਮੰਡਲ ਤਾਂ ਪੁਲਾੜ ਵਿੱਚ ਆ ਰਹੇ ਪੱਥਰ ਦੇ ਟੁਕੜਿਆਂ ਨੂੰ ਰਸਤੇ ਵਿੱਚ ਹੀ ਰਾਖ ਬਣਾ ਦਿੰਦਾ ਹੈ। ਪਰ ਚੰਦਰਮਾ ਤੇ ਵਾਯੂਮੰਡਲ ਹੀ ਨਹੀਂ। ਇਸ ਲਈ ਇਹ ਸਿੱਧੇ ਹੀ ਚੰਦਰਮਾ ਤੇ ਆ ਟਕਰਾਉਂਦੇ ਹਨ। ਇਸ ਤਰ੍ਹਾਂ ਹੀ ਚੰਦਰਮਾ ਤੇ ਪਾਣੀ ਦੀ ਹੋਂਦ ਨਹੀਂ ਹੈ। ਕਿਉਂਕਿ ਜੀਵਨ ਲਈ ਲੋੜੀਂਦੀਆਂ ਜਰੂਰਤਾਂ ਚੰਦਰਮਾ ਤੇ ਉਪਲਬਧ ਨਹੀਂ ਹਨ ਸੋ ਮਨੁੱਖ ਜਾਂ ਕਿਸੇ ਹੋਰ ਜੀਵ ਦਾ ਚੰਦਰਮਾ ਤੇ ਰਹਿਣਾ ਅਸੰਭਵ ਹੈ।

## ਮੁਰਦਾ ਸਰੀਰ ਪਾਣੀ ਤੇ ਕਿਉਂ ਤੈਰਦਾ ਹੈ?

ਮਨੁੱਖ ਦੇ ਸਰੀਰ ਦੀ ਘਣਤਾ ਪਾਣੀ ਦੀ ਘਣਤਾ ਨਾਲੋਂ ਘੱਟ ਹੁੰਦੀ ਹੈ। ਇਸ ਲਈ ਪਾਣੀ ਵਿੱਚ ਵੜਣ ਦੇ ਕੁਝ ਸਮੇਂ ਤੱਕ ਮਨੁੱਖ ਪਾਣੀ ਵਿੱਚ ਤੈਰਦਾ ਰਹਿੰਦਾ ਹੈ। ਪਰ ਕੁਝ ਸਮੇਂ ਤੋਂ ਬਾਅਦ ਉਸਦੇ ਸਰੀਰ ਵਿੱਚ ਪਾਣੀ ਦਾਖਲ ਹੋ ਜਾਂਦਾ ਹੈ ਤੇ ਸਰੀਰ ਅੰਦਰਲੀਆਂ ਗੈਸਾਂ ਬਾਹਰ ਨਿਕਲ ਜਾਂਦੀਆਂ ਹਨ। ਇਸ ਲਈ ਸਰੀਰ ਦੀ ਘਣਤਾ ਪਾਣੀ ਦੀ ਘਣਤਾ ਨਾਲੋਂ ਵਧ ਜਾਂਦੀ ਹੈ ਤਾਂ ਆਦਮੀ ਡੁੱਬ ਜਾਂਦਾ ਹੈ। ਪਾਣੀ ਵਿੱਚ ਪਈ ਰਹਿਣ ਦੇ 48 ਘੰਟੇ ਤੱਕ ਲਾਸ਼ ਪਾਣੀ ਵਿੱਚ ਡੁੱਬੀ ਰਹਿੰਦੀ ਹੈ ਤੇ ਇਸਤੋਂ ਬਾਅਦ ਸਰੀਰ ਦੇ ਸੜਨ ਦੀ ਪ੍ਰਤੀ ਕ੍ਰਿਆ ਸ਼ੁਰੂ ਹੋ ਜਾਂਦੀ ਹੈ। ਹਰ ਸੈੱਲ ਵਿੱਚ ਗੈਸਾਂ ਦੀ ਪੈਦਾਇਸ਼ ਸੂਰੂ ਹੋ ਜਾਂਦੀ ਹੈ। ਇਸ ਤਰ੍ਹਾਂ ਸਰੀਰ ਦੀ ਘਣਤਾ ਪਾਣੀ ਦੀ ਘਣਤਾ ਨਾਲੋਂ ਘਟ ਜਾਂਦੀ ਹੈ। ਇਸ ਕਰਕੇ ਲਾਸ਼ ਕੁਝ ਘੰਟਿਆਂ ਬਾਅਦ ਪਾਣੀ ਦੇ ਉੱਪਰ ਤੈਰਨ ਲੱਗ ਜਾਂਦੀ ਹੈ।

## ਕੁਝ ਲੋਕ ਖੱਬੇ ਹੱਥ ਨਾਲ ਕੰਮ ਕਿਉਂ ਕਰਦੇ ਹਨ?

ਸਾਡੇ ਦਿਮਾਗ ਦੇ ਦੋ ਭਾਗ ਹੁੰਦੇ ਹਨ। ਜਿਸਨੂੰ ਅਸੀਂ ਖੱਬਾ ਦਿਮਾਗ ਅਤੇ ਸੱਜਾ ਦਿਮਾਗ ਆਖ ਸਕਦੇ ਹਾਂ। ਖੱਬੇ ਦਿਮਾਗ ਤੋਂ ਸਰੀਰ ਨੂੰ ਜਾਣ ਵਾਲੀਆਂ ਨਾੜੀਆਂ ਗਰਦਨ ਵਿੱਚ ਆ ਕੇ ਵਲੇਟਾ ਖਾ ਜਾਂਦੀਆਂ ਹਨ ਤੇ ਇਸ ਲਈ ਇਹ ਸੱਜੇ ਪਾਸੇ ਦੇ ਅੰਗਾਂ ਤੇ ਕੰਟਰੋਲ ਰਖਦੀਆਂ ਹਨ ਤੇ ਹਨ ਤੇ ਸੱਜੇ ਪਾਸੇ ਦਾ ਦਿਮਾਗ ਖੱਬੇ ਪਾਸੇ ਦੇ ਅੰਗਾਂ ਤੇ ਕੰਟਰੋਲ ਕਰਦਾ ਹੇ। ਆਮ ਲੋਕਾਂ ਵਿੱਚ ਖੱਬਾ ਦਿਮਾਗ ਵੱਧ ਕਾਰਜਸ਼ੀਲ ਹੁੰਦਾ ਹੈ। ਇਸ ਲਈ ਸੰਸਾਰ ਵਿੱਚ ਬਹੁਤ ਲੋਕ ਸੱਜੇ ਅੰਗਾਂ ਨਾਲ ਵੱਧ ਕੰਮ ਕਰਦੇ ਹਨ ਪਰ ਕੁਝ ਲੋਕਾਂ ਵਿੱਚ ਸੱਜਾ ਦਿਮਾਗ ਵੀ ਵੱਧ ਕਾਰਜਸ਼ੀਲ ਹੁੰਦਾ ਹੈ। ਇਸ ਲਈ ਅਜਿਹੇ ਲੋਕ ਖੱਬੇ ਹੱਥ ਨਾਲ ਕੰਮ ਕਰਦੇ ਹਨ। ਪਰ ਸੰਸਾਰ ਦੇ ਕਾਰਖਾਨੇ ਤੇ ਮਕੈਨਿਕ ਕਾਰਾਂ ਦੇ ਕਰਵਾਜੇ ਤੇ ਹੋਰ ਸਮਾਨ ਸੱਜੇ ਹੱਥ ਵਾਲਿਆਂ ਦੀ ਗਿਣਤੀ ਸਹੂਲਤਾਂ ਨੂੰ ਮੁੱਖ ਰੱਖਕੇ ਬਣਾਉਂਦੇ ਹਨ। ਇਸ ਨਾਲ ਖੱਬੇ ਹੱਥ ਵਾਲਿਆਂ ਨੂੰ ਕਾਫੀ ਮੁਕਸ਼ਲਾਂ ਪੇਸ਼ ਆਉਂਦੀਆਂ ਹਨ।

## ਆਦਮੀ ਕਿੱਥੋਂ ਆਉਂਦਾ ਹੈ ਤੇ ਮਰਨ ਤੋਂ ਬਾਅਦ ਕਿੱਥੋ ਜਾਂਦਾ ਹੈ

ਸੰਸਾਰ ਵਿੱਚ ਸਵਰਗ- ਨਰਕ ਸਭ ਕਾਲਪਨਿਕ ਗੱਲਾਂ ਹਨ। ਬੱਚਿਆਂ ਦੇ ਜਨਮ ਸਮੇਂ ਉਹਨਾਂ ਦੇ ਵੱਡੇ ਪੈਣਾਂ ਤੇ ਵੀਰਾਂ ਨੂੰ ਬੱਚਿਆਂ ਦੇ ਹਸਪਤਾਲ ਵਿੱਚੋਂ ਲਿਆਉਣ ਬਾਰੇ ਵੀ ਦੱਸਿਆ ਜਾਂਦਾ ਹੈ ਇਸ ਨਾਲ ਬੱਚਿਆਂ ਦੇ ਮਨ ਵਿੱਚ ਹੋਰ ਉਲਝਣਾਂ ਖੜੀਆਂ ਹੁੰਦੀਆਂ ਹਨ। ਅਸੀਂ ਜਾਣਦੇ ਹਾਂ ਕਿ ਅਸੀਂ ਸਾਰੇ ਆਪਣੇ ਮਾਤਾ-ਪਿਤਾ ਦੇ ਇੱਕ ਸੈੱਲ ਦੇ ਜੁੜਨ ਨਾਲ ਆਪਣੀ ਹੋਂਦ ਸ਼ੁਰੂ ਕਰਦੇ ਹਾਂ। ਇਹਨਾਂ ਸੈੱਲਾਂ ਵਿੱਚ ਕੁਝ ਗੁਣਾਂ ਵਾਲੇ ਮਣਕੇ ਹੁੰਦੇ ਹਨ।

ਜਿਹੜੇ ਸਾਡੇ ਭਵਿੱਖ ਦੇ ਗੁਣਾਂ ਵਾਲੇ ਮਣਕੇ ਹਬੰਦੇ ਹਨ। ਜਿਹੜੇ ਸਾਡੇ ਭਵਿੱਖ ਦੇ ਗੁਣਾਂ ਨੂੰ ਨਿਰਧਰਿਤ ਕਰਦੇ ਹਨ। ਧਰਤੀ ਵਿੱਚ ਪੈਦਾ ਹੋਏ ਪਦਾਰਥ ਪਹਿਲੇ 280 ਦਿਨ ਸਾਡੀ ਮਾਤਾ ਦੇ ਪੇਟ ਵਿੱਚੋਂ ਦੀ ਹੁੰਦੇ ਹੋਏ ਸਾਡੇ ਸਰੀਰ ਵਿੱਚ ਪਹੁੰਚਦੇ ਹਨ ਜਿਸ ਨਾਲ ਸਾਡੇ ਸਰੀਰ ਵਿਚਲੇ ਸੈੱਲਾ ਦੀ ਗਿਣਤੀ ਵਿੱਚ ਵਾਧਾ ਹੁੰਦਾ ਰਹਿੰਦਾ ਹੈ। ਪੇਟ ਤੋਂ ਬਾਹਰ ਆ ਕੇ ਅਸੀਂ ਧਰਤੀ ਤੋਂ ਪੈਦਾ ਹੋਈਆਂ ਵਸਤੂਆਂ ਤੋਂ ਸਿੱਧੇ ਰੂਪ ਵਿੱਚ ਪਦਾਰਥ ਲੈ ਕੇ ਆਪਣੇ ਸਰੀਰ ਦੇ ਸੈੱਲਾਂ ਦੀ ਗਿਣਤੀ ਵਧਾਉਂਦੇ ਰਹਿੰਦੇ ਹਾਂ। ਲਗਭਗ 40 ਸਾਲ ਦੀ ਉਮਰ ਤੱਕ ਸਾਡੇ ਸਰੀਰ ਵਿੱਚ ਸੈੱਲਾਂ ਦੀ ਗਿਣਤੀ ਵਿੱਚ ਲਗਤਾਰ ਵਾਧਾਉਂਦਾ ਰਹਿੰਦਾ ਹੈ। 40 ਤੋਂ 50 ਸਾਲ ਤੱਕ ਸਾਡੇ ਦੇ ਸੈਲਾਂ ਦੀ ਗਿਣਤੀ ਲਗਭਗ ਸਾਵੀਂ ਰਹਿੰਦੀ ਹੈ। ਇਸਤੋਂ ਬਾਅਦ ਸਾਡੇ ਸਰੀਰ ਦੇ ਸੈੱਲਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਜਾਂਦੀ ਹੈ।

ਅੰਤ ਸਮੇਂ ਅਸੀ ਧਰਤੀ ਤੋਂ ਪ੍ਰਾਪਤ ਸਾਰੇ ਸੈੱਲਾਂ ਨੂੰ ਧਰਤੀ ਦੇ ਸੁਪਰਦ ਕਰਦੇ ਹੋਏ ਧਰਤੀ ਵਿੱਚ ਸਮਾ ਜਾਂਦੇ ਹਾਂ। ਮੁਸਲਮਾਨਾਂ ਤੇ ਇਸਾਈਆਂ ਵਿੱਚ ਮੁਰਦਿਆਂ ਨੂੰ ਕਬਰਾਂ ਵਿੱਚ ਦਫਨਾ ਦਿੱਤਾ ਜਾਂਦਾ ਹੈ ਜਿੱਥੇ ਬੈਕਟੀਰੀਆ ਸਰੀਰ ਦੇ ਸਾਰੇ ਸੈੱਲਾਂ ਦਾ ਵਿਘਟਨ ਕਰਕੇ ਧਰਤੀ ਤੋਂ ਪ੍ਰਾਪਤ ਸਾਰੇ ਤੱਤ ਧਰਤੀ ਨੂੰ ਦੇ ਦਿੰਦਾ ਹੈ। ਹਿੰਦੂ ਮੁਰਦਿਆਂ ਨੂੰ ਜਲਾ ਦਿੰਦੇ ਹਨ। ਸਿੱਟੇ ਵਜੋਂ ਪੈਦਾ ਹੋਈ ਕਾਰਬਨਡਾਇਆਕਸਾਈਡ ਪੌਦਿਆਂ ਦੀ ਖ਼ੁਰਾਕ ਬਚ ਜਾਂਦੀ ਹੈ। ਸਾਡੇ ਸਰੀਰ ਦੇ ਸਾਰੇ ਸੈੱਲ ਕਿਸੇ ਨਾ ਕਿਸੇ ਰੂਪ ਵਿੱਚ ਧਰਤੀ ਨੂੰ ਵਾਪਸ ਮੁੜ ਜਾਂਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਾਸ਼ਟਰਪਤੀ ਦੀ ਦੇਸ਼ਵਾਸੀਆਂ ਨੂੰ ਗੁਰੂ ਰਵਿਦਾਸ ਜਯੰਤੀ ਦੀ ਵਧਾਈ



ਨਵੀਂ ਦਿੱਲੀ- ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਗੁਰੂ ਰਵਿਦਾਸ ਗੁਰਪੁਰਬ 'ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਹੈ। ਸ਼੍ਰੀ ਮੁਖਰਜੀ ਨੇ ਆਪਣੇ ਸੰਦੇਸ਼ 'ਚ ਕਿਹਾ,"ਗੁਰੂ ਰਵੀਦਾਸ ਜੀ ਦੀ ਜਯੰਤੀ 'ਤੇ ਮੈਂ ਦੇਸ਼ਵਾਸੀਆਂ ਨੂੰ ਵਧਾਈ ਅਤੇ ਸ਼ੁਭਕਾਮਨਾ ਦਿੰਦਾ ਹਾਂ। ਗੁਰੂ ਰਵੀਦਾਸ ਜੀ ਦੀ ਵਿਸ਼ਵ ਭਾਈਚਾਰੇ ਦੀਆਂ ਸਿੱਖਿਆਵਾਂ ਅੱਜ ਵੀ ਅਨੁਕੂਲ ਹੈ। ਸਮਾਜ 'ਚ ਸਮਾਨਤਾ ਲਈ ਸਾਨੂੰ ਗੁਰੂ ਰਵੀਦਾਸ ਜੀ ਦੇ ਸੰਘਰਸ਼ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਸਾਨੂੰ ਆਪਣੇ ਆਪ ਨੂੰ ਜਾਤੀਵਿਹੀਨ ਸਮਾਜ ਦੀ ਸਥਾਪਨਾ ਲਈ ਸਮਰਪਿਤ ਕਰਨਾ ਚਾਹੀਦਾ, ਜਿਸ ਲਈ ਗੁਰੂ ਰਵੀਦਾਸ ਜੀ ਨੇ ਲੜਾਈ ਲੜੀ।"

# ਗੁਰੂ ਰਵਿਦਾਸ ਜੀ ਦਾ 638 ਵਾਂ ਗੁਰਪੁਰਬ ਮਨਾਇਆ

ਰਾਮਪੁਰਾ ਫੂਲ- ਸਤਿਗੁਰੂ ਰਵਿਦਾਸ ਮੰਦਰ ਤੇ ਧਰਮਸ਼ਾਲਾ ਪ੍ਰਬੰਧਕ ਕਮੇਟੀ ਵੱਲੋ ਅਮ੍ਰਿਤਬਾਨੀ ਸ਼ਤਿਗੁਰੂ ਰਵਿਦਾਸ ਜੀ ਦੀ ਛਤਰ ਛਾਇਆ ਹੇਠ ਰਾਮਪੁਰਾ ਸ਼ਹਿਰ ਤੇ ਪਿੰਡ ਵਿਖੇ ਉਹਨਾਂ ਦੇ 638 ਵਾਂ ਜਨਮ ਦਿਹਾੜਾ ਬੜੀ ਹੀ ਧੂਮ ਧਾਮ ਨਾਲ ਮਨਾਇਆ ਗਿਆ ਇਸ ਨੂੰ ਸਮਰਪਿਤ ਸੋਭਾ ਯਾਤਰਾ ਕੱਢੀ ਗਈ । ਜਿਸ ਨੂੰ ਐਸ ਐਚ ਭਗਤਾਂ ਪ੍ਰਿਤਪਾਲ ਸਿੰਘ ਤੇ ਐਸ ਐਚ ਸਿਟੀ ਮਨਜੀਤ ਸਿੰਘ ਨੇ ਝੰਡੀ ਦੇ ਕੇ ਰਵਾਨਾ ਕੀਤਾ । ਸੋਭਾ ਯਾਤਰਾ ਵਿੱਚ ਗੁਰੂ ਜੀ ਦੀਆਂ ਸਿੱਖਿਆਂਵਾਂ ਨੂੰ ਦਰਸਾਉਦੇ ਫਲੈਸ ਲਗਾਏ, ਬੀਬੀਆਂ ਦੀ ਕੀਰਤਨ ਮੰਡਲੀ ਤੇ ਭਾਈ ਧੀਰਾਂ ਤੇ ਉਹਨਾ ਦੇ ਪੁੱਤਰਾ ਨੇ ਗੁਰੂ ਸਬਦ ਕੀਰਤਨ ਤੇ ਗੁਰੂ ਸੋਭਾ ਯਾਤਰਾ ਵਿੱਚ ਭਜ਼ਨ ਗਾਏ ।

ਸੋਭਾ ਵਿੱਚ ਮਾਤਾ ਸਵਿੱਤਰੀ ਬਾਏ ਫੂਲੇ ਮੁਫਤ ਵਿੱਦਿਆਂ ਸੈਟਰ ਦੇ ਬਜੱਚਿਆਂ ਨੇ ਗੁਰੂ ਸਿੱਖਿਆਵਾਂ ਦਾ ਪ੍ਰਚਾਰ ਕੀਤਾ । ਬਾਬਾ ਸਾਹਿਬ ਡਾ; ਭੀਮ ਰਾਂ ਅੰਬੇਡਕਰ ਸਾਹਿਬ ਜੀ ਵਾਂਗ ਪੜ ਲਿਖਕੇ ਸੇਵਾ ਕਰਨ ਦਾ ਪ੍ਰਨ ਕੀਤਾ । ਸੋਭਾ ਯਾਤਰਾ ਵਿੱਚ ਕਮੇਟੀ ਦੇ ਚੇਅਰਮੈਨ ਰਾਮੇਸ਼ ਕੁਮਾਰ, ਪ੍ਰਧਾਨ ਨੱਥੂ ਰਾਮ , ਸੀਨੀਅਰ ਮੀਤ ਪ੍ਰਧਾਨ ਮਾ ਗੁਰਦੇਵ ਸਿੰਘ, ਮੀਤ ਪ੍ਰਧਾਨ ਰੂਪ ਲਾਲ, ਹਰਦਿਆਲ ਲੱਧੜ, ਸਕੱਤਰ ਜਸਪਾਲ ਜੱਸੂ, ਸਹਾਹਿਕ ਸਕੱਤਰ ਹਰਪਾਲ ਸਿੰਘ, ਖਜਾਨਚੀ ਸਵਿੰਦਰ ਸਿੰਘ, ਇੰਦਰਜੀਤ ਸਿੰਘ, ਮੈਬਰ ਜੋਨੀ, ਪਾਲ ਸਿੰਘ, ਬਾਬੂ ਫਕੀਰ ਚੰਦ, ਬਿਰਜ ਲਾਲ ਫੋਜੀ, ਧੰਨਾ ਸਿੰਘ ਅਟਵਾਲ ਸੀਨੀਅਰ ਮੀਤ ਪ੍ਰਧਾਨ ਅੰਬੇਡਕਰ ਵਾਦੀ ਚੇਤਨਾ ਮੰਚ ਪੰਜਾਬ , ਬਲਦੇਵ ਪ੍ਰਕਾਸ਼ ਅੰਬੇਡਕਰ ਵਾਦੀ , ਜਗਸੀਰ ਸਿੰਘ, ਸੁਰੇਸ਼ ਕੁਮਾਰ ਤੇ ਸਾਥੀ, ਬਾਬਾ ਬਾਲਮਿਕ ਸਭਾ ਰਾਮਪੁਰਾ, ਕੇਵਲ ਸਿੰਘ, ਕਾਕਾ ਕੋਟਲਾ, ਗੋਬਿੰਦ ਸਿੰਘ ਕੋਟੜਾਂ ਕੋਡਾ, ਬਲਜੀਤ ਸਿੰਘ ਤੇ ਸਾਥੀ ਪਿੰਡ ਪਿੱਥੋ ਆਦਿ ਸਾਮਲ ਹੋਏ।

# ਬੇਗਮਪੁਰਾ ਐਕਸਪ੍ਰੈਸ ਦਾ ਲੁਧਿਆਣਾ ਰੇਲਵੇ ਸਟੇਸ਼ਨ 'ਤੇ ਸੰਗਤਾਂ ਨੇ ਕੀਤਾ ਫੁੱਲਾਂ ਦੀ ਵਰਖਾ ਕਰਕੇ ਸਵਾਗਤ

ਲੁਧਿਆਣਾ- ਸ਼੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਜਨਮ ਦਿਹਾੜੇ ਦੇ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਹਜ਼ਾਰਾਂ ਸ਼ਰਧਾਲੂਆਂ ਦੇ ਨਾਲ ਜਲੰਧਰ ਤੋਂ ਬਨਾਰਸ ਸਥਿਤ ਗੁਰੂ ਜੀ ਦੇ ਜਨਮ ਸਥਾਨ ਗੋਵਰਧਨਪੁਰ ਦੇ ਦਰਸ਼ਨਾਂ ਲਈ ਜਾਣ ਵਾਲੀ ਬੇਗਮਪੁਰਾ ਐਕਸਪ੍ਰੈਸ ਦੇ ਲੁਧਿਆਣਾ ਰੇਲਵੇ ਸਟੇਸ਼ਨ ਪੁੱਜਣ 'ਤੇ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਅਤੇ ਰਵਿਦਾਸ ਸਭਾਵਾਂ ਨੇ ਜੈਕਾਰਿਆਂ ਦੇ ਨਾਲ ਫੁਲਾਂ ਦੀ ਵਰਖਾ ਕਰਕੇ ਧਾਰਮਿਕ ਰਵਾਇਤਾਂ ਨਾਲ ਸਵਾਗਤ ਕੀਤਾ ।



ਇਸ ਮੌਕੇ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਨ ਸਿੰਘ ਜੀ ਨੇ ਗੁਰੂ ਰਵਿਦਾਸ ਜੀ ਦੀ ਕ੍ਰਾਂਤੀਵਾਦੀ ਬਾਣੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਆਪਸੀ ਪਿਆਰ ਅਤੇ ਸਦਭਾਵਨਾ ਦਾ ਜੋਸੁਨੇਹਾ ਦਿੱਤਾ ਸੀ, ਉਸ 'ਤੇ ਚੱਲ ਕੇ ਮਨੁੱਖ ਆਪਣਾ ਜੀਵਨ ਸੁਖੀ ਬਤੀਤ ਕਰਨ ਦੇ ਨਾਲ ਨਾਲ ਸਮਾਜਿਕ ਬੁਰਾਈਆਂ ਨੂੰ ਮਿਟਾ ਸਕਦਾ ਹੈ।

ਬਸਪਾ ਦੇ ਮਿਸ਼ਨਰੀ ਨੇਤਾ ਰਮਨਜੀਤ ਲਾਲੀ ਨੇ ਝੰਡੀ ਦਿਖਾ ਕੇ ਲੁਧਿਆਣਾ ਸਟੇਸ਼ਨ ਤੋਂ ਬੇਗਮਪੁਰਾ ਐਕਸਪ੍ਰੈਸ ਨੂੰ ਬਨਾਰਸ ਲਈ ਰਵਾਨਾ ਕੀਤਾ। ।ਇਸ ਸੰਗਤ ਵੱਲੋਂ ਬਨਾਰਸ ਜਾਣ ਵਾਲੀ ਸੰਗਤ ਲਈ ਲੰਗਰ ਅਤੇ ਪ੍ਰਸਾਦ ਦੀ ਵਿਵਸਥਾ ਵੀ ਕੀਤੀ।

ਇਸ ਮੌਕੇ ਰਮਨਜੀਤ ਲਾਲੀ, ਸ਼੍ਰੀ ਗੁਰੂ ਰਵਿਦਾਸ ਮੰਦਿਰ ਸਭਾ ਬਸਤੀ ਜੋਧੇਵਾਲ ਦੇ ਪ੍ਰਧਾਨ ਜਿੰਦਰਪਾਲ ਦੜੌਚ, ਰੇਸ਼ਮ ਸਿੱਧੂ, ਗੁਰੂ ਰਵਿਦਾਸ ਮਿਸ਼ਨ ਦੇ ਪ੍ਰਧਾਨ ਸ਼ਿਵ ਰਾਮ ਸਰੋਏ, ਹਰਮੇਸ਼ ਜਾਨਾਗਲ, ਭਗਵਾਨ ਦਾਸ ਕਲੋਨੀ ਰਵਿਦਾਸ ਸਭਾ ਦੇ ਪ੍ਰਧਾਨ ਸੁਰਿੰਦਰ ਮਹਿਮੀ, ਮਾਸਟਰ ਪਰਮਜੀਤ ਸਿੰਘ ਚੁੰਬਰ, ਅਨਿਤਾ ਲੋਈ, ਹਰਮੇਸ਼ ਹੀਰ, ਹੁਸਨ ਲਾਲ, ਸ਼ੰਕਰ ਦਾਸ ਲੋਈ, ਹਰਮੇਸ਼ ਕਲੇਰ, ਮਹਿੰਦਰ ਸਿੰਘ ਲਾਲੀ, ਗਿਆਨ ਸਿੰਘ ਬਾਲੀ, ਕੌਂਸਲਰ ਹੰਸ ਰਾਜ, ਕੌਂਸਲਰ ਅਸ਼ੋਕ ਕੁਮਾਰ, ਸਟੇਸ਼ਨ ਮਾਸਟਰ ਰਾਕੇਸ਼ ਕੁਮਾਰ ਸ਼ਰਮਾ, ਨਰਿੰਦਰ ਬਿੱਟੂ, ਬਿਕਰ ਸਿੰਘ, ਰਾਮਦਾਸ ਗੁਰੂ, ਰਮੇਸ਼ ਜਾਨਾਗਲ, ਰਮੇਸ਼ ਹੀਰ, ਰਮੇਸ਼ ਕਲੇਰ ਸਹਿਤ ਹੋਰ ਵੀ ਮੌਜੂਦ ਸਨ।

-----------

# ਸਾਂਝੀ ਸੋਚ ਅਖ਼ਬਾਰ ਦਾ ਦੂਸਰਾ ਸਲਾਨਾ ਸਮਾਗਮ ਯਾਦਗਾਰੀ ਹੋ ਨਿਬੜਿਆ

## ਕੁਝ ਅਸੰਬਲੀ ਮੈਂਬਰਾਂ, ਇਕ ਕਾਂਗਰਸ ਮੈਨ ਤੇ ਅਮਰੀਕਨ ਸਰਕਾਰ ਦੇ ਹੋਰ ਕਈ ਨੁਮਾਇੰਦਿਆਂ ਨੇ ਦਿੱਤੇ ਮਾਨਤਾ ਤੇ ਪ੍ਰਸੰਸਾ ਪੱਤਰ, ਸਮਾਗਮ ਵਿਚ ਪਹੁੰਚੀਆਂ ਅਹਿਮ ਸਖਸ਼ੀਅਤਾਂ ਦਾ ਅਦਾਰੇ ਵੱਲੋਂ ਸਨਮਾਨ







ਮੋਡੈਸਟੋ (ਕੈਲੇਫੋਰਨੀਆ) (ਸਟਾਫ ਰਿਪੋਰਟਰ)- ਸਾਂਝੀ ਸੋਚ ਅਖ਼ਬਾਰ ਵੱਲੋਂ ਸਫਲਤਾ ਪੂਰਵਕ ਦੋ ਸਾਲ ਪੂਰੇ ਹੋਣ ਮੌਕੇ ਹੋਇਆ ਸਮਾਗਮ ਆਪਣੀ ਮਿਸਾਲ ਆਪ ਸੀ। ਸਮਾਗਮ ਵਿਚ ਪਹੁੰਚੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਜਿਥੇ ਅਖ਼ਬਾਰ ਦੀ ਰਜਵੀਂ ਪ੍ਰਸੰਸਾ ਕੀਤੀ ਉਥੇ ਪਹੁੰਚੇ ਕਲਾਕਾਰਾਂ ਤੇ ਬੱਚਿਆਂ ਨੇ ਸਮਾਗਮ ਵਿਚ ਮਨੋਰੰਜਨ ਦੇ ਰੰਗ ਭਰਕੇ ਸਮਾਗਮ ਨੂੰ ਬਹੁਤ ਸ਼ਾਨਦਾਰ ਬਣਾ ਦਿੱਤਾ। ਸਮਾਗਮ ਦੀ ਸ਼ੁਰੂਆਤ ਮਿਥੇ ਪ੍ਰੋਗਰਾਮ ਅਨੁਸਾਰ ਸ਼ਾਮ 4 ਵਜੇ ਮੰਚ ਸੰਚਾਲਿਕਾ ਆਸ਼ਾ ਸ਼ਰਮਾ ਵੱਲੋਂ ਪਹੁੰਚੀਆਂ ਸਖਸ਼ੀਅਤਾਂ ਨੂੰ ਜੀ ਆਇਆਂ ਕਹਿਣ ਨਾਲ ਹੋਈ। ਉਪਰੰਤ ਰੀਬਨ ਕੱਟਿਆ ਗਿਆ। ਰੀਬਨ ਕੱਟਣ ਦੀ ਰਸਮ ਅਮ੍ਰਿਤਪਾਲ ਸਿੰਘ ਟਿਵਾਣਾ ਤੇ ਅਮਨਦੀਪ ਸਿੰਘ ਸਿੱਧੂ ਨੇ ਨਿਭਾਈ। ਬਾਅਦ ਵਿਚ ਜੋਤ ਰਣਜੀਤ ਨੇ ਢੱਡ ਵਾਰ ਤੇ ਹੋਰ ਗੀਤ ਗਾ ਕੇ ਮਹੌਲ ਨੂੰ ਬਦਲ ਦਿੱਤਾ। ਕਿਰਨ ਮਹਿਮੀ, ਹਰਜੋਤ ਸਿੰਘ, ਹਰਜੋਤ ਕੌਰ, ਦਿਲਜੋਤ ਕੌਰ, ਜੈ ਦੀਪ ਸਿੰਘ ਤੇ ਗੌਰਵ ਮਹਿਮੀ ਆਦਿ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਤੇ ਕਵਿਤਾਵਾਂ ਰਾਹੀਂ ਹਾਜਰੀ ਲਵਾਕੇ ਹਾਜਰੀਨ ਤੋਂ ਵਾਹ ਵਾਹ ਖੱਟੀ। ਜੀਤਾ ਗਿੱਲ, ਦਵਿੰਦਰ ਪੰਮੀ ਤੇ ਸੁਲਤਾਨ ਅਖਤਰ ਨੇ ਹਾਜ਼ਰ ਪਤਵੰਤਿਆਂ ਦਾ ਆਪਣੇ ਗੀਤਾਂ ਰਾਹੀਂ ਮਨੋਰੰਜਨ ਕੀਤਾ। ਸਮਾਗਮ ਵਿਚ ਪਹੁੰਚੇ ਦੋ ਅਸੰਬਲੀ ਮੈਂਬਰਾਂ ਦੇ ਪ੍ਰਤੀਨਿੱਧੀਆਂ, ਇਕ ਕਾਂਗਰਸਮੈਨ ਦੇ ਪ੍ਰਤੀਨਿੱਧ ਤੇ ਦੋ ਸੈਨਟਰਾਂ ਦੇ ਪ੍ਰਤੀਨਿਧੀਆਂ ਨੇ ਅਖ਼ਬਾਰ ਦੇ ਮੁੱਖ ਸੰਪਾਦਕ ਬੂਟਾ ਸਿੰਘ ਬਾਸੀ ਤੇ ਅਖ਼ਬਾਰ ਦੇ ਸਟਾਫ ਰਿਪੋਰਟਰ ਮਹਿੰਦਰ ਸਿੰਘ ਕੰਡਾ ਨੂੰ ਮਾਨਤਾ ਤੇ ਪ੍ਰਸੰਸਾ ਪੱਤਰ ਦਿੱਤੇ। ਜਿਨ੍ਹਾਂ ਅਸੰਬਲੀ ਮੈਂਬਰਾਂ ਦੇ ਪ੍ਰਤੀਨਿੱਧੀਆਂ ਵੱਲੋਂ ਮਾਨਤਾ ਤੇ ਪ੍ਰਸੰਸਾ ਪੱਤਰ ਦਿਤੇ ਗਏ ਉਨ੍ਹਾਂ ਵਿਚ ਜਿਮ ਪੈਟਰਸਨ, ਟਾਮ ਵੈਰੀ ਹੈੱਲ, ਜੈਫ ਡੈਨਹੈਮ ਸ਼ਾਮਿਲ ਹਨ। ਜੈਫ ਡੈਨਹੈਮ ਕਾਂਗਰਸਮੈਨ ਦੇ ਦਫਤਰ ਨੇ ਆਪਣਾ ਪ੍ਰਸੰਸਾ ਪੱਤਰ ਰਮਾਂਕਾਂਤ ਡਾਵਰ ਜਿਨ੍ਹਾਂ ਨੇ 2012 ਵਿਚ ਅਖ਼ਬਾਰ ਦੀ ਸ਼ੁਰੂਆਤ ਮੌਕੇ ਵੀ ਆਪਣਾ ਪੂਰਾ ਸਮਰਥਨ ਤੇ ਮੱਦਦ ਦਿੱਤੀ ਸੀ, ਰਾਹੀਂ ਭੇਜਿਆ ਸੀ। ਜੋ ਸ੍ਰੀ ਡਾਵਰ ਨੇ ਅਖ਼ਬਾਰ ਦੇ ਮੁੱਖ ਸੰਪਾਦਕ ਬੂਟਾ ਸਿੰਘ ਬਾਸੀ ਨੂੰ ਦਿੱਤਾ। ਇਸ ਤੋਂ ਇਲਾਵਾ ਸਟੈਨਿਸਲੌਸ ਕਾਉਂਟੀ ਦੇ ਬੋਰਡ ਆਫ ਸੁਪਰਵਾਈਜ਼ਰ ਦੇ ਪ੍ਰਤੀਨਿੱਧੀਆਂ ਨੇ ਵੀ ਸ੍ਰ ਬੂਟਾ ਸਿੰਘ ਬਾਸੀ ਤੇ ਮਹਿੰਦਰ ਸਿੰਘ ਕੰਡਾ ਨੂੰ ਮਾਨਤਾ ਤੇ ਪ੍ਰਸੰਸਾ ਪੱਤਰ ਸੌਂਪਿਆ। ਉਪਰੰਤ ਸਾਂਝੀ ਅਖਬਾਰ ਦੀ ਹਰ ਤਰਾਂ ਮੱਦਦ ਕਰਨ ਲਈ ਜਸੀ ਬੰਗਾ , ਸੈਨਹੋਜ਼ੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਤੇ ਟਰਲੱਕ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਐਮੀਰੇਟ ਏਅਰ ਲਾਈਨਜ ਉਤਰੀ ਅਮਰੀਕਾ ਦੇ ਸੀ.ਈ.ਓ ਮਨੋਜ ਸਲਾਂਤਰ, ਜਤਿੰਦਰ ਸਿੰਘ ਲੀਜੈਂਡ ਟਰੈਵਲ, ਜਸਵੰਤ ਸਿੰਘ ਪੰਨੂ ਰਿਐਲਟਰ,ਅਮਨ ਹੁੰਦਲ ਰਿਐਲਟਰ, ਗਿੰਨੀ ਬੇਦੀ ਅਟਾਰਨੀ ਐਟ ਲਾਅ, ਲਾਇਲ ਜੌਹਨਸਨ ਅਟਾਰਨੀ ਐਟ ਲਾਅ, ਜੱਜ ਵੈਂਜਰ ਦੇ ਫਰਿਜ਼ਨੋ ਦਫਤਰ ਤੋਂ ਪੈਟਰਕ ਟੂਲ , ਅਸਬੰਲੀ ਮੈਂਬਰ ਐਡਮ ਗਰੇ ਤੇ ਹੋਰ ਅਸੰਬਲੀ ਮੈਂ-ਬਰਾਂ ਦੇ ਪ੍ਰਤੀਨਿੱਧੀਆਂ ਤੇ ਪ੍ਰਮੁੱਖ ਸਖਸ਼ੀ-ਅਤਾਂ ਦਾ ਸਨਮਾਨ ਕੀਤਾ ਗਿਆ। ਹੋਰ ਜਿਨ੍ਹਾਂ ਸਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਉਨ੍ਹਾਂ ਵਿਚ ਪ੍ਰਮਜੀਤ ਸਿੰਘ ਦਾਖਾ , ਪ੍ਰੇਮ ਚੁੰਬਰ ਮੁੱਖ ਸੰਪਾਦਕ (ਦੇਸ਼ ਦੁਆਬਾ, ਅੰਬੇਦਕਰ ਟਾਇਮਜ਼), ਜਗਦੇਵ ਸਿੰਘ ਭੰਡਾਲ ਗਲੋਬਲ ਪੰਜਾਬ, ਸਵਰਗੀ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ , ਦਵਿੰਦਰ ਸਿੰਘ ਚਾਹਲ, ਮਹਾਨ ਕੀਰਤਨੀ ਜਥਾ ਭਾਈ ਆਤਮਜੋਤ ਸਿੰਘ ਯੂਬਾ ਸਿਟੀ, ਮੈਡਸਟੋ ਗੁਰੂ ਘਰ ਦੇ ਸੇਵਕ ਭਾਈ ਮਨਜੀਤ ਸਿੰਘ ਤੇ ਅਮ-ਰਜੀਤ ਸਿੰਘ ਸ਼ਾਮਿਲ ਹਨ। ਗਰੈਡਲੀ ਤੀਆਂ ਗਰੁੱਪ ਤੋਂ ਜਸਮਿੰਦਰ ਕੌਰ ਮੱਟੂ, ਅਕਾਲਦੀਪ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਰਵਿੰਦਰ ਸਿੰਘ ਬੋਇਲ ਤੋਂ ਇਲਾਵਾ ਪ੍ਰਗਰਾਮ ਪੇਸ਼ ਕਰਨ ਵਾਲੇ ਕਲਾਕਾਰਾਂ,ਬੱਚਿਆਂ ਤੇ ਬੱਚਿਆਂ ਦੇ ਮਾਤਾ- ਪਿਤਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਿੰਦਰ ਢਿਲੋਂ, ਦਵਿੰਦਰ ਕੌਰ,ਸੋਨੀਆ, ਪਰਵੀਨ ਮਹਿਮੀ, ਤੇ ਜਸੀ ਕੌਰ ਵੀ ਹਾਜਰ ਸਨ। ਸਮਾਗਮ ਵਿਚ ਕੋਈ 300 ਦੇ ਕਰੀਬ ਸਖਸ਼ੀਅਤਾਂ , ਸੱਜਣ ਮਿੱਤਰ ਤੇ ਪਤਵੰਤੇ ਪੁੱਜੇ। ਇਨ੍ਹਾਂ ਵਿਚ ਸ੍ਰ ਸਰਦੂਲ ਸਿੰਘ ਬਾਜਵਾ, ਬਲਦੀਸ਼ ਸਿੰਘ ਬਾਜਵਾ, ਹਰਭਜਨ ਸਿੰਘ ਮੁੰਡੀ, ਭਗਵੰਤ ਸਿੰਘ ਭੰਡਾਲ, ਅਮਰਜੀਤ ਸਿੰਘ ਸੰਧਰ, ਹਰਭਜਨ ਸਿੰਘ ਬਾਸੀ, ਮਲਕੀਤ ਸਿੰਘ ਸੰਧੂ, ਗੁਰਮੀਤ ਸਿੰਘ ਮੰਡੇਰ, ਡਾ ਕੁਲਵੰਤ ਸਿੰਘ ਮੰਡੇਰ, ਮਿਕੂ ਸਿੰਘ, ਚਰਨਜੀਤ ਸਿੰਘ, ਨੱਥਾ ਸਿੰਘ, ਜੋਗਾ ਸਿੰਘ ਮਿਨਹਾਸ, ਮਨਦੀਪ ਬਰਾੜ , ਗੁਰੀ ਕੰਗ ਸੈਕਰਾਮੈਂਟੋ, ਜੋਰਾਵਰ ਸਿੰਘ ਸੰਧੂ, ਹਰਵਿੰਦਰ ਸਿੰਘ ਕਲੇਰ, ਗੁਰਜੀਤ ਸਿੰਘ ਢਿਲੋਂ, ਰਾਜੂ ਪਵਾਰ, ਸਰਬਜੀਤ ਸਿੰਘ ਸਵੱਦੀ, ਜਸਬੀਰ ਸਿੰਘ ਤੱਖਰ, ਸੁਦੇਸ਼ ਅਟਵਾਲ, ਰਾਜਵੰਤ ਅਬੇਦੀ, ਸੁਖਜੀਵਨ ਜੌਹਲ, ਡਾ ਅਣਜਾਣਾ ਕਪੂਰ, ਬਲਦੇਵ ਸਿੰਘ ਮਲ੍ਹਾ, ਪ੍ਰਦੀਪ ਸਿੰਘ ਏ ਵੰਨ ਆਟੋ, ਐਚ ਐਲ ਕਪੂਰ (ਲੇਖਕ), ਸੁਰਿੰਦਰ ਸਿੰਘ ਗੋਸਲ, ਸੁਰਜੀਤ ਸਿੰਘ ਸੰਘੇੜਾ, ਜਸਵੰਤ ਬਰਾੜ, ਸਤਵਿੰਦਰ ਸਿੰਘ ਬਾਠ, ਸੀਤਲ ਸਿੰਘ, ਹਰਦੀਪ ਸਿੰਘ, ਸੁਰਿੰਦਰ ਸਿੰਘ ਸੈਣੀ ਤੇ ਪਰਿਵਾਰ, ਬੀਬੀ ਗੁਰਦੇਵ ਕੌਰ ਖਾਲਸਾ, ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਦੇ ਦਫਤਰੋਂ ਮਿਸ ਰਾਜੇਸ਼ਵਰੀ, ਜਸਕਰਨ ਸਿੰਘ ਸੰਧੂ, ਪ੍ਰੀਤ ਸਿੰਘ ਬਰਿਆੜ, ਪਰਮਪਾਲ ਸਿੰਘ, ਗੁਰਬਖਸ਼ ਸਿੰਘ ਮੁੰਡੀ, ਨਿਰਵੈਰ ਸਿੰਘ, ਹਰਪ੍ਰੀਤ ਸਿੰਘ, ਮਹਿੰਦਰ ਸਿੰਘ ਭਿੰਦਰ, ਗੋਲਡੀ ਕਲੇਰ ਤੇ ਪਰਿਵਾਰ, ਹਰਜੀਤ ਸੁੰਮਨ, ਬਲਵਿੰਦਰ ਕੌਰ, ਜਸਵਿੰਦਰ ਸਿੰਘ ਤੂਰ, ਇਕਬਾਲ ਸਿੰਘ ਢਿਲੋਂ, ਮੈਗਜੀਨ ਖੁਸ਼ਬੂ ਪੰਜਾਬ ਦੀ ਦੇ ਸੰਚਾਲਕ ਇੰਦਰਜੀਤ ਸਿੰਘ ਰੰਧਾਵਾ, ਡਾ ਐਨ.ਕੇ ਕਪੂਰ, ਹੈਰੀ ਸਿੰਘ , ਰਜਿੰਦਰ ਕੁਮਾਰ, ਨਜਰਾਨਾ ਨਿਸ਼ਾ ਤੇ ਹੋਰ ਬਹੁਤ ਸਾਰੀਆਂ ਸਖਸ਼ੀਅਤਾਂ ਸ਼ਾਮਿਲ ਹਨ। ਸਮਾਗਮ ਵਿਚ ਬਲਜੀਵਨ ਸਿੰਘ ਧਾਲੀਵਾਲ ਤੇ ਦਵਿੰਦਰ ਸਿੰਘ ਹੋਟੀ ਨੇ ਕਮੇਡੀ ਸਕਿਟਾਂ ਰਾਹੀਂ ਆਪਣੀ ਹਾਜਰੀ ਲਵਾਈ। ਪ੍ਰੋ-ਗਰਾਮ ਦੇ ਸਮੁੱਚੇ ਪ੍ਰਬੰਧ ਹਰਪ੍ਰੀਤ ਸਿੰਘ ਸਿੱਧੂ, ਦਪਿੰਦਰ ਸਿੰਘ ਬਾਜਵਾ, ਸੰਜੀਵ ਬਾਠ, ਅਮਨਦੀਪ ਸਿੰਘ ਸਿੱਧੂ ਤੇ ਕਰਨ ਚੀਮਾ ਨੇ ਕੀਤੇ। ਖਾਣੇ ਦਾ ਪ੍ਰਬੰਧ ਕੁਲਵਿੰਦਰ ਸਿੰਘ ਧਾਲੀਵਾਲ ਪੰਜਾਬ ਐਕਸਪ੍ਰੈਸ ਵੱਲੋਂ ਕੀਤਾ ਗਿਆ ਸੀ। ਬੁਲਾਰਿਆਂ ਵਿਚ ਗੁਰਦੀਪ ਸਿੰਘ ਅਣਖੀ ਵੀ ਸ਼ਾਮਿਲ ਸਨ ਜਿਨ੍ਹਾਂ ਨੇ ਅਖ਼ਬਾਰ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਪੁਰਜੋਰ ਸ਼ਲਾਘਾ ਕੀਤੀ। ਸ੍ਰ ਬੂਟਾ ਸਿੰਘ ਬਾਸੀ ਮੁਖ ਸੰਪਾਦਕ ਸਾਂਝੀ ਸੋਚ ਨੇ ਸਮਾਗਮ ਵਿਚ ਪਹੁੰਚੇ ਸਮੁੱਚੇ ਪਤਵੰਤਿਆਂ ਤੇ ਸੱਜਣਾਂ ਮਿਤਰਾਂ ਦਾ ਧਨਵਾਦ ਕੀਤਾ। ਸ੍ਰ ਬਾਸੀ ਨੇ ਆਸ਼ਾ ਸ਼ਰਮਾ ਨਾਲ ਸਟੇਜ ਸੰਚਾਲਨ ਵੀ ਬਾਖੂਬੀ ਕੀਤਾ। ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਗਲੋਬਲ ਪੰਜਾਬ ਟੀ.ਵੀ, ਡਿਸ਼ ਨੈੱਟ ਵਰਕ ਤੇ ਰੇਡੀਓ ਰਾਬਤਾ ਆਸਟ੍ਰੇਲੀਆ 'ਤੇ ਕੀਤਾ ਗਿਆ।


## ਲੜਕੀ ਦੀ ਲੋੜ

ਆਦਿ ਧਰਮੀ ਸਿੱਖ ਲੜਕਾ ਉਮਰ 38 ਸਾਲ, ਕੱਦ 5 ਫੁੱਟ 6"
ਗ੍ਰੈਜੂਏਟ, ਇੱਕ ਸਾਲ ਦਾ ਕੰਪਿਊਟਰ ਦਾ ਕੋਰਸ ਕੀਤਾ ਹੋਇਆ
ਹੈ। ਪੱਕੇ ਤੋਰ ਤੇ ਅਮਰੀਕਾ ਰਹਿ ਰਹਾ ਹੈ। ਜੋਬ ਕਰ ਰਹੇ ਲਈ
ਇਮੀਗ੍ਰਾਂਟ/ ਸਿਟੀਜ਼ਨ ਪੜ੍ਹੀ ਲਿਖੀ ਸੋਹਣੀ ਸੁੱਣਖੀ ਲੜਕੀ ਦੀ
ਲੋੜ ਹੈ। ਕ੍ਰਿਪਾ ਕਰਕੇ ਤਲਾਕਸ਼ੁਦਾ ਕਾਲ ਨਾ ਕਰਨ।
email: Kuldepsingh76@gmail.com
ਜਾਂ (530) 415-1192 ਤੇ ਸੰਪਰਕ ਕਰੋ।


# ਭਾਰਤ ਨਾਲ ਚੰਗੇ ਸੰਬੰਧਾਂ ਤੋਂ ਚੀਨ ਨੂੰ ਕੋਈ ਖਤਰਾ ਨਹੀ : ਓਬਾਮਾ

ਵਾਸ਼ਿੰਗਟਨ- ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਚੀਨ ਨੂੰ ਭਰੋਸਾ ਦਿੱਤਾ ਹੈ ਕਿ ਉਸ ਨੂੰ ਭਾਰਤ ਅਤੇ ਅਮਰੀਕਾ ਦੇ ਚੰਗੇ ਸੰਬੰਧਾਂ ਤੋਂ ਡਰਨ ਦੀ ਲੋੜ ਨਹੀਂ ਹੈ ਤੇ ਨਾਲ ਹੀ ਚੀਨ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸਮੁੰਦਰੀ ਮਾਮਲਿਆਂ 'ਤੇ ਵੀਅਤਨਾਮ ਜਾਂ ਫਿਲੀਪੀਨ ਵਰਗੇ ਛੋਟੇ ਦੇਸ਼ਾਂ ਨੂੰ ਨਾ ਡਰਾਏ। ਉਨ੍ਹਾਂ ਰਾਸ਼ਟਰਪਤੀ ਦੇ ਤੌਰ 'ਤੇ ਭਾਰਤ ਦੀ ਸਾਬਕਾ ਯਾਤਰਾ ਨੂੰ ਲੈ ਕੇ ਚੀਨ ਦੀ ਪ੍ਰਤੀਕਿਰਿਆ 'ਤੇ ਪਹਿਲੀ ਵਾਰ ਟਿੱਪਣੀ ਕਰਦੇ ਹੋਏ ਕਿਹਾ, "ਮੈਂ ਜਦੋਂ ਸੁਣਿਆ ਕਿ ਚੀਨ ਸਰਕਾਰ ਨੇ ਇਸ ਤਰ੍ਹਾਂ ਦੇ ਬਿਆਨ ਦਿੱਤੇ ਹਨ ਤਾਂ ਮੈਨੂੰ ਹੈਰਾਨੀ ਹੋਈ। ਭਾਰਤ ਦੇ ਨਾਲ ਸਾਡੇ ਚੰਗੇ ਸੰਬੰਧਾਂ ਕਾਰਨ ਚੀਨ ਨੂੰ ਡਰਨ ਦੀ ਕੋਈ ਜ਼ਰੂਰਤ ਨਹੀਂ।" ਅਮਰੀਕਾ ਦੇ ਰਾਸ਼ਟਰਪਤੀ ਨੇ ਨਵੰਬਰ ਵਿਚ ਕੀਤੀ ਗਈ ਚੀਨ ਦੀ ਆਪਣੀ ਯਾਤਰਾ ਦਾ ਜ਼ਿਕਰ ਕਰਦੇ ਹੋਏ ਕਿਹਾ ਉਨ੍ਹਾਂ ਆਪਣੇ ਚੀਨੀ ਹਮਅਹੁਦਾ ਸ਼ੀ ਚਿਨਫਿੰਗ ਦੇ ਨਾਲ ਸਫਲ ਬੈਠਕਾਂ ਕੀਤੀਆਂ ਹਨ।

# ਨਗਰ ਕੀਰਤਨ ਦੇ ਸਬੰਧ ਵਿਚ ਰੱਖੇ ਗਏ ਅਖੰਡ ਪਾਠ ਸਾਹਿਬ ਦੇ ਭੋਗ ਪਾਏ









ਸੈਕਰਾਮੈਂਟੋ- ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ ਨਗਰ ਕੀਰਤਨ ਦੇ ਸਬੰਧ ਵਿਚ ਰੱਖੇ ਗਏ ਅਖੰਡ ਪਾਠਾਂ ਦੀ ਲੜੀ ਵਿਚ ਸ਼ੁੱਕਰਵਾਰ ਨੂੰ ਰੱਖੇ ਗਏ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਹਿਲੀ ਫਰਵਰੀ ਦਿਨ ਐਤਵਾਰ 2015 ਨੂੰ ਪਾਏ ਗਏ, ਜਿਸਦੀ ਸੇਵਾ ਪਰਮਜੀਤ ਫਗੂੜਾ ਪਰਿਵਾਰ ਅਤੇ ਜਗਜੀਤ ਰੱਤੂ ਪਰਿਵਾਰ ਵੱਲੋਂ ਕੀਤੀ ਗਈ। ਜਿਹਨਾਂ ਨੂੰ ਬਾਅਦ ਵਿਚ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ, ਨਿਰਮਲ ਸਿੰਘ ਅਤੇ ਭਾਈ ਮਨਜੀਤ ਸਿੰਘ ਜਥਾ, ਬੀਬੀ ਨਵਦੀਪ ਕੌਰ ਚੰਡੀਗੜ੍ਹ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। ਬੱਚੀ ਮੁਸਕਾਨ ਕੌਰ ਨੇ ਸ਼ਬਦ ਰਾਹੀਂ ਹਾਜ਼ਰੀ ਲਵਾਈ। ਜਗਜੀਤ ਰੱਤੂ ਪਰਿਵਾਰ ਅਤੇ ਪਰਮਜੀਤ ਫਗੂੜਾ ਪਰਿਵਾਰ ਨੇ ਨਵੀਂ ਬਣਨ ਜਾ ਰਹੀ ਬਿਲਡਿੰਗ ਲਈ ਪੰਜ ਹਜ਼ਾਰ ਡਾਲਰ ਵੀ ਦਿੱਤੇ, ਜਿਹਨਾਂ ਦਾ ਕਮੇਟੀ ਨੇ ਧੰਨਵਾਦ ਕੀਤਾ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਪਹਿਲੀ ਫਰਵਰੀ ਦਿਨ ਐਤਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ 3 ਫਰਵਰੀ ਦਿਨ ਮੰਗਲਵਾਰ ਨੂੰ ਪਾਏ ਗਏ। ਇਹ ਦਿਨ ਧੰਨ ਧੰਨ ਸ੍ਰੀ ਗੁਰੂ ਰਵਿਦਸ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਮਨਾਇਆ ਗਿਆ। ਸੰਗਤਾਂ ਸਵੇਰ ਤੋਂ ਹੀ ਗੁਰੂ ਘਰ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਇਸ ਦਿਨ ਅਖੰਡ ਪਾਠ ਸਾਹਿਬ ਦੀ ਸੇਵਾ ਮੇਵਾ ਉਜਾਗਰ ਪਰਿਵਾਰ ਅਤੇ ਭਗਵੰਤ ਜੱਸਲ ਪਰਿਵਾਰ ਵੱਲੋਂ ਕੀਤੀ ਗਈ। ਉਪਰੰਤ ਸਿਰੋਪਾਓ ਸਾਹਿਬ ਨਾਲ ਇਸ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਅਰਦਾਸ ਅਤੇ ਕੜਾਅ ਪ੍ਰਸ਼ਾਦ ਦੀ ਦੇਗ ਤੋਂ ਬਾਅਦ ਗੁਰੂ ਘਰ ਦੇ ਹਜ਼ੂਰੀ ਜਥੇ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ।

ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸ਼ਾਮ ਨੂੰ ਵੀ ਗੁਰੂ ਘਰ ਵਿਖੇ ਧਾਰਮਿਕ ਦੀਵਾਨ ਸਜਾਏ ਗਏ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਆਉਣ ਵਾਲੇ ਸ਼ੁੱਕਰਵਾਰ 6 ਫਰਵਰੀ ਨੂੰ ਅਖੰਡ ਪਾਠ ਸਾਹਿਬ ਰੱਖੇ ਜਾਣਗੇ, ਜਿਸਦੇ ਭੋਗ 8 ਫਰਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ। ਸੇਵਾਦਰਾ ਮਨਜ਼ੀਤ ਭਾਰਦਵਾਜ ਪਰਿਵਾਰ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਗੁਰੂ ਘਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ। ਹੋਰ ਜਾਣਕਾਰੀ ਲਈ ਜਸਵੰਤ ਜੱਸੀ ਸ਼ੀਮਾਰ ਨਾਲ 916-293-6030 ਤੇ ਸੰਪਰਕ ਕੀਤਾ ਜਾ ਸਕਦਾ ਹੈ।


## ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਮਾਰਚ 1, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਫਰਵਰੀ ਦਿਨ ਸ਼ੁਕਰਵਾਰ ਸਵੇਰੇ 11.00 ਵਜੇ
28 ਫਰਵਰੀ (ਦਿਨ ਸ਼ਨੀਚਰਵਾਰ) ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 1 ਮਾਰਚ 2015 ਐਤਵਾਰ, ਸਵੇਰੇ 9.30 ਵਜੇ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ

**559-486-3091** **ਸਮੂਹ ਪ੍ਰਬੰਧਕ ਕਮੇਟੀ**

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

# ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ
# 'ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ'



ਸਵਾਮੀ ਰਾਮਾ ਨੰਦ ਜੀ ਅਚਾਰੀਆ, 'ਰਾਮਾਨੁਜ ਪੱਧਤੀ' ਦੇ ਚੌਦਵੇਂ ਅਚਾਰੀਆ ਸਨ। ਉਹਨਾਂ ਨੇ ਰਾਮਾਨੁਜ ਜੀ ਦੀ 'ਰਾਧਾ ਕ੍ਰਿਸ਼ਨ' ਭਗਤੀ ਦੇ ਉਲਟ 'ਰਾਮ ਭਗਤੀ' ਤੇ ਜ਼ੋਰ ਦਿੱਤਾ। ਉਹ ਉਤਰੀ ਭਾਰਤ ਵਿਚ 'ਰਾਮ ਭਗਤੀ ਸ਼ਾਖਾ' ਨੂੰ ਬੜੇ ਜ਼ੋਰ-ਸ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾ ਨੰਦ ਜੀ ਨੇ ਆਪਣੀ ਪੁਰਾਣੀ 'ਸੰਪ੍ਰਦਾਇ-ਰਾਮਾਨੁਜੀ' ਕ੍ਰਿਸ਼ਨ ਭਗਤੀ ਤੋਂ ਵੱਖਰੀ 'ਰਾਮ ਭਗਤੀ ਸ਼ਾਖਾ' ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ 'ਕ੍ਰਿਸ਼ਨ ਭਗਤੀ' ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਨਾਲੀ ਸੀ ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾ ਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉਤਰੀ ਭਾਰਤ ਵਿਚ 'ਭਗਤ-ਮੰਡਲੀ' ਦੀ ਪ੍ਰਥਮ ਸ਼ਖ਼ਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ, ਪ੍ਰਭਾਵਿਤ ਹੋ ਕੇ, ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮੱਤ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

'ਭਗਤੀ ਲਹਿਰ' ਦੇ 15 'ਭਗਤ ਗੁਰੂਆਂ' ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਸਤਿਗੁਰੂ ਰਵਿਦਾਸ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ 16 ਰਾਗਾਂ ਵਿਚ ਦਰਜ ਹੈ। ਕੁੱਲ ਬਾਣੀ ਇਕ ਸ਼ਲੋਕ ਸਮੇਤ 41 ਪਦੇ ਹਨ। ਪਦਿਆਂ ਵਿਚ ਵੱਖ ਵੱਖ ਵਿਸ਼ੇ ਹਨ ਜੋ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹਨ ਤੇ ਮਾਨਵਤਾ ਨੂੰ ਇਕ ਚੰਗਾ ਮਾਨਵ ਬਣਨ ਤੇ ਪ੍ਰਭੂ ਭਗਤੀ ਦੀ ਪ੍ਰੇਰਨਾ ਦਿੰਦੇ ਹਨ।

ਸਭ ਤੋਂ ਵਿਲੱਖਣ ਚੀਜ਼ ਇਹ ਹੈ ਕਿ ਸਤਿਗੁਰੂ ਰਵਿਦਾਸ ਜੀ ਨੇ ਬੜੀ ਨਿਸੰਗਤਾ ਨਾਲ ਆਪ ਜਾਤੀ ਅਤੇ ਆਪਣੇ ਕਿੱਤੇ ਨੂੰ ਨਿਰਸੰਕੋਚ ਸ਼ਬਦਾਂ ਵਿਚ ਬਿਆਨ ਕੀਤਾ ਹੈ। ਜਿਸ ਜਾਤੀ ਅਤੇ ਬੰਦੇ ਨੂੰ ਬਹੁਤ ਘਟੀਆ, ਨੀਚ ਅਤੇ ਭ੍ਰਿਸ਼ਟ ਮੰਨਿਆ ਜਾਂਦਾ ਸੀ, ਉਸ ਬਾਰੇ ਉਹ ਇਸ ਤਰ੍ਹਾਂ ਬਿਆਨ ਕਰਦੇ ਹਨ, ''ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ ਕਹਿ ਰਵਿਦਾਸ ਖਲਾਸ ਚਮਾਰਾ॥ ਲੋਗ ਗਠਾਵੈ ਪਨਹੀ।''

ਰਵਿਦਾਸ ਜੀ ਨੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਤੇ ਉਸ ਰਾਹੀਂ, 'ਨਿਰੰਜਨ ਪਾਉਣ' ਦੇ ਅਹਿਸਾਸ ਵਰਣਨ ਕੀਤੇ ਹਨ। ਪ੍ਰੇਮ ਭਗਤੀ ਦੇ ਰਾਹ ਚੱਲ ਕੇ, 'ਮਿਲ ਸਾਧ ਸੰਗਤ ਪਾਈ ਪਰਮ ਗਤੇ।' ਗੁਰੂ ਪ੍ਰਸਾਦਿ ਨਿਰੰਜਨ ਪਾਵਉ' ਦੇ ਸੰਕੇਤਾਂ ਰਾਹੀਂ ਦਰਸਾਇਆ ਹੈ ਕਿ ਮੈਂ ਇਹ ਉੱਚ ਪਦਵੀ ਕਿਵੇਂ ਪ੍ਰਾਪਤ ਕੀਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਏ ਦੋ ਵਿਚਾਰ ਅਧਿਆਤਮਕ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ। ਪਹਿਲਾ ਹੈ, ਆਤਮ ਗਿਆਨ ਦਾ ਪ੍ਰਗਾਸ, ਦੂਜਾ ਹੈ ਪ੍ਰੇਮਾ ਭਗਤੀ ਦੇ ਨਾਲ ਮਾਨਵਵਾਦ ਦਾ। ਗਿਆਨ ਦਾ ਪ੍ਰਕਾਸ਼ ਹੋ ਜਾਣ ਤੇ ਵੀ ਦੋ ਅਨੁਭਵ ਦੱਸੇ ਹਨ। ਇਕ ਗਿਆਨ ਦੀ ਉਪਜ ਦਾ, ''ਉਪਜਿਓ ਗਿਆਨ ਹੂਆ ਪ੍ਰਗਾਸ॥'' ਦੂਸਰਾ ਹੈ ਗਿਆਨ ਦੇ ਹੋ ਜਾਣ ਕਾਰਨ 'ਕਰਮਾਂ' ਦੇ ਨਾਸ਼' ਹੋ ਜਾਣ ਦਾ 'ਗਿਆਨ ਭਇਆ ਤਹ ਕਰਮਹ ਨਾਸੁ'।

ਗਿਆਨ ਪ੍ਰਾਪਤੀ ਦਾ ਸਾਧਨ ਉਨ੍ਹਾਂ ਸਾਧੂ-ਸੰਤਾਂ ਦੀ ਸੰਗਤ ਦੱਸਿਆ ਹੈ। 'ਸਾਧੂ ਕੀ ਮਨ ਲੇਹ ਓਟ'॥ ਇਸ ਤੋਂ ਅੱਗੇ ਚੱਲ ਕੇ ਨਿਰੰਜਨ ਪ੍ਰਾਪਤੀ ਦਾ ਸਾਧਨ, ਗੁਰੂ ਪਾਰਬ੍ਰਹਮ ਦੀ ਕਿਰਪਾ ਨੂੰ ਮੰਨਿਆ ਹੈ। 'ਗੁਰ ਪ੍ਰਸਾਦਿ ਨਿਰੰਜਨ ਪਾਵਉ' ਪ੍ਰੇਮ ਭਾਵਨਾ ਹੀ ਨਿਰੰਜਨ ਪ੍ਰਾਪਤੀ ਦਾ ਸਾਧਨ ਹੈ, ਜੋ ਸੰਤਾਂ-ਸਾਧੂਆਂ ਦੀ ਸੰਗਤ ਤੇ ਗੁਰੂ ਕ੍ਰਿਪਾ ਤੋਂ ਪ੍ਰਾਪਤ ਹੁੰਦੀ ਹੈ।

'ਸਾਧ ਸੰਗਤਿ ਬਿਨ ਭਾਉ ਨਹੀਂ ਉਪਜੈ, ਭਾਵ ਬਿਨੁ ਭਗਤਿ ਨਹੀਂ ਹੋਈ ਤੇਰੀ॥'

ਪ੍ਰੇਮ ਭਾਵਨਾ ਦੀ ਭਾਵੇਂ ਕੋਈ ਸ਼ਕਲ ਜਾਂ ਸਰੂਪ ਨਹੀਂ ਹੈ, ਪਰ ਉਸ ਦੀ ਪਕੜ ਦੁਨਿਆਵੀ ਵਸਤਾਂ ਨਾਲੋਂ ਵੀ ਕਿਤੇ ਜ਼ਿਆਦਾ ਮਜ਼ਬੂਤ ਹੈ। ਪ੍ਰੇਮ ਦੀ ਸੰਗਲੀ ਕਦੀ ਟੁੱਟ ਨਹੀਂ ਸਕਦੀ। ਜੋ ਜਗਿਆਸੂ ਪ੍ਰੇਮ ਬੰਧਨ ਵਿਚ ਬੱਝਿਆ ਹੁੰਦਾ ਹੈ, ਤਾਂ ਉਸ ਅਰੂਪ ਪ੍ਰੀਤਮ ਦੀ ਕੋਈ ਸ਼ਕਲ ਨਹੀਂ ਹੁੰਦੀ, ਉਹ ਵੀ ਪ੍ਰੇਮ ਬੰਧਨਾਂ ਤੋਂ ਬਚਿਆ ਨਹੀਂ ਰਹਿ ਸਕਦਾ। ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪ੍ਰੇਮਾ ਭਗਤੀ ਨੂੰ ਮੁੱਖ ਪਹਿਲ ਦਿੱਤੀ ਹੈ। ਤੀਰਥਾਂ ਤੇ ਜਾਣ ਤੇ ਉਥੇ ਜਾ ਕੇ ਕਰਮਕਾਂਡੀ ਕਰਵਾਉਣ ਦੀਆਂ ਵਿਧੀਆਂ ਦੀ ਘੋਰ ਵਿਰੋਧਤਾ ਕੀਤੀ ਹੈ। ਨਿੰਦਕ ਦੀ ਵੀ ਘੋਰ ਵਿਰੋਧਤਾ ਕੀਤੀ ਹੈ ਤੇ ਦੱਸਿਆ ਹੈ ਕਿ ਨਿੰਦਕ ਦੀ ਸਮਾਜ ਵਿਚ ਕਿਤੇ ਵੀ ਕੋਈ ਥਾਂ ਨਹੀਂ ਹੈ:-

'ਕਹੁ ਰਵਿਦਾਸ ਪਾਪੀ ਨਰਕਿ ਸਿਧਾਇਆ।'

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਾ ਛੋਹਿਆ ਜਾਣ ਵਾਲਾ ਭ੍ਰਿਸ਼ਟ ਪਾਣੀ, ਸੁਰਸਰੀ ਵਿਚ ਮਿਲ ਕੇ ਪਵਿੱਤਰ ਹੋ ਜਾਂਦਾ ਹੈ, ਜਿਸ ਤਰ੍ਹਾਂ ਉਹ ਕਾਗਜ਼, ਜਿਸ ਉਤੇ ਪ੍ਰਭੂ ਭਗਤੀ ਲਿਖੀ ਹੁੰਦੀ ਹੈ। ਉਹ ਪੂਜਣਯੋਗ ਬਣ ਜਾਂਦਾ ਹੈ, ਜਿਸ ਮਾਨਵ ਦੇ ਹਿਰਦੇ ਵਿਚ ਪ੍ਰਭੂ ਵਾਸ ਕਰਦਾ ਹੈ, ਉਹ ਮਾਨਵ ਵੀ ਪੂਜਣਯੋਗ ਬਣ ਜਾਂਦਾ ਹੈ। 'ਹਰਿ ਜਪਤ ਤੇਉ ਜਨਾਂ ਕਬੀਰ, ਬਾਲਮੀਕ ਪੂਜਣਯੋਗ ਮੰਨੇ ਜਾਂਦੇ ਹਨ। ਪ੍ਰਭੂ ਦੇ ਨਾਮ ਦੇ ਕਾਰਨ ਹੀ, 'ਕਬੀਰ ਜੀ ਉਜਾਗਰ ਹੋਏ ਅਤੇ 'ਸਧਨਾ, ਸੈਣ ਤਰੇ।'

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਪੌਰਾਣਿਕ ਪੰਥੀ ਭਗਤਾਂ ਦਾ ਵੀ ਵਰਨਣ ਹੈ। ਗੌਤਮ ਨਾਰ ਦੀ ਜੀਵਨੀ ਵੱਲ ਵੀ ਇਸ਼ਾਰਾ ਹੈ। ਇਨਸਾਨ ਦੀ ਮਾਇਆ ਪ੍ਰਾਪਤੀ ਵੱਲ ਵਧੀ ਰੁਚੀ, ਸਰੀਰ ਦੀ ਹਉਮੈ ਨੂੰ ਆਪਣੇ ਕਾਬੂ ਵਿਚ ਰੱਖ ਕੇ, ਸਰੀਰਕ ਸ਼ਕਤੀ ਨੂੰ ਸੰਭਾਲ ਕੇ ਵਰਤਣ ਦੀ ਪ੍ਰੇਰਨਾ ਵੀ ਦਿੱਤੀ ਹੈ, ਮਾਇਆ ਗਈ ਤਬ ਰੋਵਨੁ ਲਗਤ ਹੈ।' ਆਖਰ ਸਰੀਰ ਹੈ ਕੀ? ਇਕ ਪਾਣੀ ਦੀ ਕੱਚੀ ਕੰਧ। 'ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ।' ਇਸ ਲਈ ਹੇ! ਮਾਨੁਸ਼ ਆਪਣੇ ਸਰੀਰ ਦਾ ਗਰਭ ਨਾ ਕਰ ਸਗੋਂ ਇਸ ਸਰੀਰ ਨੂੰ ਮਾਨਵ ਕਲਿਆਣ ਲਈ ਵਰਤ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ, ਸਭ ਲੋਕਾਈ ਦੇ ਕਲਿਆਣ ਦੀ ਤੜਪ ਹੈ। ਮਾਨਵਤਾ ਦੇ ਕਲਿਆਣ ਲਈ ਡੂੰਘੀ ਇੱਛਾ-ਸ਼ਕਤੀ ਹੈ। ਪ੍ਰਮਾਤਮਾ ਨੂੰ ਸਾਖਿਆਤ ਕਰਨ ਲਈ ਵਿਸਮਾਦੀ ਅਨੁਭਵ ਹੈ। ਕਰਮਸ਼ੀਲਤਾ ਦੀ ਸਿੱਖਿਆ ਹੈ। ਸਮਾਜਿਕ ਦੁਸ਼ਵਾਰੀਆਂ ਅਤੇ ਰੁਕਾਵਟਾਂ ਉਤੇ ਯਕੀਨਨ ਵਿਜੇ ਪ੍ਰਾਪਤ ਕਰਨ ਦਾ ਸੰਦੇਸ਼ ਹੈ।

ਰਵਿਦਾਸ ਜੀ ਦੀ ਕਲਾਕ੍ਰਿਤ ਵਿਚ ਇਕ ਜਗਿਆਸੂ ਭਗਤ ਲਈ, ਉਨ੍ਹਾਂ ਅਮੋਲਕ ਖਜ਼ਾਨਿਆਂ ਦੀ ਪੂੰਜੀ ਹੈ, ਜਿਨ੍ਹਾਂ ਦੀ ਕੀਮਤ ਮਾਨਵਤਾ ਦੇ ਦਰ 'ਤੇ ਕਦੀ ਘਟੇਗੀ ਨਹੀਂ। ਨਿਮਰਤਾ, ਹਲੀਮੀ, ਉਦਾਰਤਾ, ਖਿਮਾ, ਸਹਿਣਸ਼ੀਲਤਾ ਤੇ ਸਾਦਗੀ ਦੇ ਉਹ ਖਿੜੇ ਫੁੱਲ ਹਨ, ਜਿਹਨਾਂ ਦੀ ਮਹਿਕ ਕਦੇ ਪੁਰਾਣੀ ਨਹੀਂ ਹੋ ਸਕਦੀ। ਰਵਿਦਾਸ ਜੀ ਦੀ ਬਾਣੀ ਵਿਚ ਕਲਾ-ਕੌਸ਼ਲਤਾ, ਭਾਸ਼ਾ ਦੀ ਸੰਜਮਤਾ, ਭਾਵਾਂ ਦੀ ਨਿਰੂਪਣਤਾ ਦੇ ਪ੍ਰਪੱਕ ਉਦਾਹਰਣ ਦੇਖਣੇ ਹੋਣ ਤਾਂ ਨਿਮਨ ਦੋ ਸਤਰਾਂ ਹੀ ਕਾਫੀ ਹਨ, ਜਿਹਨਾਂ ਵਿਚ ਇਕੋ ਸਮੇਂ ਕਈ ਖਿਆਲ ਪਰੋ ਦਿੱਤੇ ਹਨ:-

''ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥''



ਐਚ.ਐਲ.ਕਪੂਰ
01- 916- 587-4002

ਕੰਨਾਂ ਦਾ ਰਸ ਹਿਰਨ ਨੂੰ, ਮੱਛੀ ਨੂੰ ਜੀਭ ਦਾ ਰਸ, ਪਤੰਗੇ ਨੂੰ ਅੱਖਾਂ ਦਾ, ਹਾਥੀ ਨੂੰ ਕਾਮ ਦਾ, ਸਾਰਿਆਂ ਲਈ ਇਕ-ਇਕ ਵਿਕਾਰੀ ਰਸ, ਜੋ ਵਿਨਾਸ ਦਾ ਕਾਰਨ ਬਣਦਾ ਹੈ, ਜਿਸ ਮਨੁੱਖ ਵਿਚ ਪੰਜ ਵਿਕਾਰੀ ਅਸਾਧ ਰੋਗ ਰਚੇ ਹੋਣ, ਉਸ ਦੇ ਬਚਣ ਦੀ ਕੀ ਆਸ ਹੈ। ਇਸੇ ਖਿਆਲਅ ਨੂੰ ਹੋਰ ਜਗ੍ਹਾ ਤੇ ਵੀ ਦੁਹਰਾਇਆ ਹੈ। ਇਹ ਪੰਜੇ ਮੈਨੂੰ ਪਲ-ਪਲ ਹਰੀ ਤੋਂ ਦੂਰ ਕਰ ਰਹੇ ਹਨ:-

''ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥''

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਬੜੀ ਸਰਲਤਾ ਤੇ ਵਿਚਾਰਾਂ ਦੀ ਬੜੀ ਸਪਸ਼ਟਤਾ ਹੈ। ਉਹ ਬੜੇ ਥੋੜ੍ਹੇ ਲਫਜ਼ਾਂ ਵਿਚ ਆਪਣੇ ਵਿਚਾਰ ਪ੍ਰਗਟਾ ਜਾਂਦੇ ਹਨ। ਕਈ ਥਾਵਾਂ ਤੇ ਕਮਾਲ ਦੇ ਸੰਜਮ ਭਰੇ ਵਿਖਿਆਲ ਹਨ। ਥੋੜ੍ਹੇ ਸ਼ਬਦਾਂ ਵਿਚ ਗਿਆਨ, ਵੈਰਾਗ, ਭਗਤੀ ਤੇ ਨਿਮਰਤਾ ਤੇ ਅਥਾਹ ਭੰਡਾਰ ਭਰੇ ਪਏ ਹਨ:-

''ਪੜੀਐ ਗੁਨੀਐ ਨਾਮੁ ਸਭ ਸੁਨੀਐ ਅਨਭਉ ਭਾਉ ਨ ਦਰਸੈ॥

ਲੋਹਾ ਕੰਚਨ ਹਿਰਨ ਹੋਏ ਕੈਸੇ ਜਉ ਪਾਰਸਹਿ ਨ ਪਰਸੈ॥''

ਪੜ੍ਹਨ ਸੁਣਨ ਨਾਲ ਕੁਝ ਨਹੀਂ ਹੁੰਦਾ, ਜੋ ਪਾਰਸ ਵਾਂਗ ਲੋਹੇ ਤੋਂ ਸੋਨਾ ਬਣਾ ਦੇਣ ਦੀ ਪਰਸਣ ਵਾਲੀ ਛੋਹ ਕਰਦੀ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਦੇਖਿਆਂ ਸਤਿਗੁਰੂ ਰਵਿਦਾਸ ਜੀ ਦੀ ਗਿਆਨ ਪ੍ਰਪੱਕਤਾ ਦੀ ਅਵਸਥਾ, ਦੀ ਸ਼ਾਹਦੀ ਦਿੰਦੀ ਹੈ:-

ਗਿਆਨੈ ਕਾਰਨ ਕਰਮ ਅਭਿਆਸੁ॥

ਗਿਆਨ ਭਇਆ ਤਹ ਕਰਮਹ ਨਾਸੁ॥

ਜਿਸ ਸਮੇਂ ਵਿਚ ਸਤਿਗੁਰੂ ਰਵਿਦਾਸ ਜੀ ਦਾ ਜਨਮ ਹੋਇਆ, ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਮੱਧ-ਯੁੱਗ ਦਾ ਸਮਾਂ ਕਹਿੰਦੇ ਹਨ। ਇਸ ਮੱਧ-ਯੁੱਗ ਵਿਚ ਤੇ ਇਸ ਤੋਂ ਪਹਿਲੋਂ ਵੀ ਭਾਰਤ ਵਿਚ ਛੋਟੀਆਂ ਜਾਤੀਆਂ ਤੇ ਕਥਿਤ ਅਛੂਤ ਜਾਤੀਆਂ ਦੇ ਲੋਕਾਂ ਨੂੰ ਪਸ਼ੂਆਂ ਤੋਂ ਵੀ ਘਟੀਆ ਸਮਝਿਆ ਜਾਂਦਾ ਸੀ। ਇਹਨਾਂ ਜਾਤੀਆਂ ਵਿਚੋਂ ਕਿਸੇ ਨੂੰ ਸ਼ਸਤਰੀ ਗਿਆਨ ਜਾਂ ਸ਼ਾਸਤਰੀ ਗਿਆਨ ਪ੍ਰਾਪਤ ਕਰਨ ਦੀ ਸਜ਼ਾ ਮੌਤ ਦਿੱਤੀ ਜਾਂਦੀ ਸੀ। ਪ੍ਰਭੂ ਭਗਤੀ ਕਰਨੀ ਵੀ ਇਹਨਾਂ ਵਰਗਾਂ ਲਈ ਵੰਚਿਤ ਸੀ। ਪਤਾ ਲੱਗਣ ਤੇ ਪ੍ਰਭੂ ਭਗਤੀ ਦੀ ਸਜ਼ਾ ਸ੍ਰੀ ਰਾਮ ਚੰਦਰ ਜੀ ਵਰਗੇ ਨਿਆਂਸ਼ੀਲ ਅਵਤਾਰ ਵੀ ਉਚ ਜਾਤੀਆਂ ਵਾਲੀ ਮਰਿਆਦਾ ਪਾਲਣ ਤੋਂ ਪਿੱਛੇ ਨਹੀਂ ਹਟਦੇ ਸਨ, ਜਿਸ ਦਾ ਪ੍ਰਮਾਣ ਅਛੂਤ (ਸ਼ੰਬੂਕ) ਵੱਧ ਹੈ। ਉਸ ਸਮੇਂ ਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਹਾਲਤ ਬਹੁਤ ਬੁਰੀ ਸੀ। ਇਸ ਬੁਰੀ ਹਾਲਤ ਦਾ ਲੋਕਾਂ ਤੇ ਕੋਈ ਚੰਗਾ ਪ੍ਰਭਾਵ ਨਹੀਂ ਸੀ, ਸਭਨਾਂ ਕਿਸਮਾਂ ਦੀ ਮੰਦੀ ਦਸ਼ਾ ਦੀਆਂ ਜੜ੍ਹਾਂ, ਸਮਾਜਿਕ ਵਰਣ-ਵੰਡ ਦੀ ਜਟਿਲ ਅਵਸਥਾ ਵਿਚ ਸਨ। ਸਭ ਭਾਈਚਾਰਿਆਂ ਵਿਚ ਆਪਸੀ ਸਾਂਝ ਦੀ ਅਣਹੋਂਦ ਸੀ। ਜੇਕਰ ਇਕ ਵਰਗ ਨੂੰ ਕੋਈ ਮੁਸੀਬਤ ਪੈਂਦੀ ਤਾਂ ਦੂਸਰਾ ਵਰਗ ਉਸ ਦੀ ਮਦਦ ਲਈ ਮੈਦਾਨ ਵਿਚ ਨਾ ਆਉਂਦਾ, ਸਗੋਂ ਦੂਰ ਖੜ੍ਹੋ ਕੇ ਉਸ ਦਾ ਤਮਾਸ਼ਾ ਦੇਖਦਾ। ਮਾਨਵਤਾ ਦੀ ਕੋਈ ਸਾਂਝ ਨਹੀਂ ਸੀ। ਅਛੂਤ ਜਾਤੀਆਂ ਦਾ ਕੋਈ ਸਹਾਈ ਨਹੀਂ ਸੀ, ਹਵਾ ਤੱਕ ਦੇ ਛੋਹ ਕੇ ਆਉਂਦੇ ਬੁੱਲ੍ਹੇ ਵੀ ਕੁਲੀਨ ਜਾਤੀਆਂ ਨੂੰ ਭਿੱਟ ਚਾੜ੍ਹ ਜਾਂਦੇ ਸਨ। ਅਛੂਤ ਲੋਕਾਂ ਨੂੰ ਆਪਣੀ ਪਿੱਠ ਨਾਲ ਦਰਖਤ ਦੇ ਛਾਪੇ ਜਾਂ ਕੋਈ ਅਜਿਹੀ ਚੀਜ਼ ਬੰਨ੍ਹਣੀ ਪੈਂਦੀ ਸੀ ਜੋ ਰਸਤਿਆਂ ਤੇ ਚਲਦੇ ਸਮੇਂ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਮਿਟਾ ਦੇਵੇ, ਮਤਾ ਇਹ ਅਛੂਤਾਂ ਦੇ ਪਦ-ਚਿੰਨ੍ਹ ਕੁਲੀਨ ਸ਼੍ਰੇਣੀਆਂ ਨੂੰ ਭਿੱਟ ਨਾ ਚਾੜ੍ਹ ਦੇਣ।

ਵਰਣਾਂ ਦੀਆਂ ਜੜ੍ਹਾਂ ਵੇਦਾਂ ਵਿਚ ਹਨ। ਰਿਗਵੇਦ ਦੇ ਪੁਰਸ਼ ਸੂਕਤ ਦੇ ਇਕ ਮੰਤਰ ਦਾ ਭਾਵ ਇਸ ਤਰ੍ਹਾਂ ਹੈ:- ਬ੍ਰਾਹਮਣ ਪ੍ਰਭੂ ਦਾ ਮੂੰਹ ਹੈ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ 'ਚੋਂ ਪੈਦਾ ਹੁੰਦੇ ਹਨ। ਮੰਨੂ ਸਿਮਰਤੀ ਕਹਿੰਦੀ ਹੈ: ਪ੍ਰਮਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖੱਤਰੀ ਤੇ ਵੈਸ਼) ਦੀ ਤਨ ਮਨ ਨਾਲ ਸੇਵਾ ਕਰਨ।

ਸਾਡੇ ਧਾਰਮਿਕ ਗ੍ਰੰਥ, ਧਰਮ ਸ਼ਾਸਤ੍ਰ ਵੀ ਅਛੂਤਾਂ ਨਾਲ ਦੁਰਵਿਵਹਾਰ ਦਾ ਹੀ ਸੰਦੇਸ਼ ਦਿੰਦੇ ਸਨ ਕਿ ਅਛੂਤ ਭ੍ਰਸ਼ਟ ਤੇ ਨਖਿੱਧ ਹਨ। ਇਹਨਾਂ ਨੂੰ ਲਤਾੜ ਕੇ ਥਾਂ ਸਿਰ ਰੱਖਣਾ, ਨੀਚ ਸਮਝ ਕੇ ਧਿਰਕਾਰਨ ਦਾ ਅਧਿਕਾਰ, ਸ਼ੁਭ ਕਰਮ ਜਾਣਿਆ ਜਾਂਦਾ ਸੀ। ਇਸ ਮਾਨਤਾ ਨੂੰ ਤੋੜਨਾ ਬਹੁਤ ਹੀ ਅਸੰਭਵ ਜਾਪਦਾ ਸੀ। ਅਜਿਹੇ ਘੋਰ ਅਨਿਆਕਾਰੀ ਸਮਾਜ ਦੀ, ਸੋਚਾਂ ਤੇ ਵਿਚਾਰਾਂ ਦੀ ਦੁਨੀਆਂ ਵਿਚ ਪ੍ਰਭੂ ਭਗਤੀ ਕਰਨਾ ਹੀ ਇਕ ਸਮਾਜਿਕ ਇਨਕਲਾਬ ਲਿਆਉਣਾ ਸੀ। ਇਸ ਤਰ੍ਹਾਂ ਪ੍ਰਭੂ ਭਗਤੀ ਦਾ ਅਹਿਸਾਸ ਪੈਦਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਹਨਾਂ ਜਾਤੀਆਂ ਵਿਚ ਇਕ 'ਧਾਰਮਿਕ ਸਾਧਕ' ਦਾ ਸਭ ਤੋਂ ਲਤਾੜੀ ਤੇ ਪੱਛੜੀ ਜਾਤੀ ਵਿਚੋਂ ਉਠ ਕੇ ਸ਼ੋਹਰਤ ਦੀਆਂ ਬੁਲੰਦੀਆਂ ਤੇ ਪਹੁੰਚਣਾ ਕੋਈ ਸਧਾਰਨ ਗੱਲ ਨਹੀਂ ਸੀ। ਫਿਰ ਉਸ ਨੂੰ ਗੁਰੂ ਸਾਹਿਬਾਨ ਦਾ ਨਿਵਾਜਣਾ ਤੇ ਉਹਨਾਂ ਦੀ ਬਾਣੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਨਾ ਇਕ ਮਹਾਨ ਕਾਰਜ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਸਤਿਗੁਰੂ ਰਵਿਦਾਸ ਜੀ ਦਾ ਭਗਤੀ ਦੇ ਕਾਰਜ ਵਿਚ ਜੁਟ ਜਾਣਾ ਇਕ ਬਹੁਤ ਵੱਡਾ ਕਾਰਜ ਸੀ। ਇਹ ਸਭ ਕੁਝ ਉਹਨਾਂ ਨੇ ਕਰ ਦਿਖਾਇਆ। ਸਮਾਜਿਕ ਮਾਨਤਾ ਦੇ ਸਾਰੇ ਸਹਿਮਾਂ ਦੀ ਭੂਮੀ ਤੋੜ ਕੇ ਨਵੀਂ ਸਥਾਪਨਾ ਦੇ ਸਿੰਘਾਸਨ ਉਤੇ ਸਤਿਗੁਰੂ ਰਵਿਦਾਸ ਜੀ ਦਾ ਬੈਠਣਾ ਇਕ ਦਿਲਚਸਪ ਘਟਨਾ ਹੈ। ਅਛੂਤ ਜਾਤੀ ਦੇ ਇਸ ਪ੍ਰਭੂ ਭਗਤ ਦੇ ਦਰ 'ਤੇ ਉਚ ਵਰਗ ਦੇ ਮਹਾਨ ਸਪੂਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆ ਵਰਾਜਣਾ, ਇਕ ਚਮਤਕਾਰੀ ਵਰਤਾਰਾ ਹੈ। ਜਿਸ ਮਹਾਨ ਆਤਮਾ ਦੀ ਜਗਤ ਨੂੰ ਛੋਹ ਪਾਰਸ ਵਾਂਗ ਸੋਨਾ ਬਣਾਉਂਦੀ ਸੀ, ਜਿਸ ਰਵਿਦਾਸ ਦੀ ਛੋਹ ਤੋਂ ਭਿੱਟ ਚੜ੍ਹਦੀ ਸੀ, ਜਦੋਂ ਉਸ ਦੀ ਝੁੱਗੀ ਦੇ ਪਾਸ ਆਹਟ ਹੋਈ, ਰਵਿਦਾਸ ਜੀ ਦੇ ਬਾਗ-ਬਾਗ ਹੋ ਗਏ ਹਿਰਦੇ ਵਿਚੋਂ ਸ਼ੁਕਰਾਨੇ ਦੀ ਭਾਵਨਾ ਜਾਗ ਉਠੀ, ਰਵਿਦਾਸ ਜੀ ਦੇ ਮਨ ਦੇ ਭਾਵ ਸ਼ਬਦ ਬਣ ਗਏ। ਸ਼ਬਦਾਂ ਦੀ ਧੁਨੀ ਨੇ ਬਾਣੀ ਦਾ ਰੂਪ ਧਾਰਨ ਕਰ ਲਿਆ:-

ਐਸੀ ਲਾਲ ਤੁਝ ਬਿਨੁ ਕਉਨੁ ਕਰੈ।

ਗਰੀਬ ਨਿਵਾਜ ਗੁਸਾਈਆਂ ਮੇਰਾ ਮਾਥੈ ਛਤ੍ਰ ਧਰੈ॥

ਜਦੋਂ-ਜਦੋਂ ਵੀ ਸਤਿਗੁਰੂ ਰਵਿਦਾਸ ਜੀ ਉਸ ਪਾਰ ਬ੍ਰਹਮ ਗੁਰੂ ਦੇ ਸ਼ੁਕਰਾਨੇ ਵਿਚ ਆਉਂਦੇ ਸਨ ਤਾਂ ਇਹ ਸ਼ਬਦ ਗਾਉਂਦੇ ਸਨ।

ਸਤਿਗੁਰੂ ਰਵਿਦਾਸ ਜੀ ਦੀ ਪ੍ਰਭੂ ਭਗਤੀ ਤੇ ਜੀਵਨ ਘਾਲਣਾ ਦਾ ਫਲ ਨਿਕਲਿਆ ਤਾਂ ਉਸ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ। ਉਸ ਪ੍ਰਾਪਤੀ ਦਾ ਪ੍ਰਗਟਾ ਹੋਇਆ, ਗਿਆਨ ਦਾ ਪ੍ਰਗਾਸ ਹੋਇਆ ਤੇ ਆਤਮਾ ਤ੍ਰਿਪਤ ਹੋਈ:-

ਗੁਰ ਪਰਸਾਦਿ ਨਿਰੰਜਨ ਪਾਵਉ॥

ਉਪਜਿਓ ਗਿਆਨ ਹੂਆ ਪਰਗਾਸ॥

ਅਨਨ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥

ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ। ਕਨਕ ਕਟਿਕ ਜਲ ਤਰੰਗ ਜੈਸਾ॥

ਮੇਰੀ ਜਾਤੀ ਦਾ ਕੰਮ ਮਰੇ ਹੋਏ ਪਸ਼ੂ ਢੋਣਾ ਹੈ ਪਰ ਪ੍ਰਭੂ ਭਗਤੀ ਦੀ ਤਾਕਤ ਨਾਲ ਇਸ ਚਮਾਰ ਦੇ ਤਨ ਨੂੰ ਦੇਖੋ, ਕੁਲੀਨ ਬ੍ਰਾਹਮਣ ਵੀ ਨਮਸਕਾਰ ਕਰਦੇ ਹਨ। ਇਸ ਤਰ੍ਹਾਂ ਰਵਿਦਾਸ ਜੀ ਨੇ ਆਪਣੀ ਜਾਤੀ ਬਾਰੇ ਨੰਗਾ ਸੱਚ ਕਹਿ ਕੇ ਸਾਰੀ ਜਾਤੀ ਨਾਲ ਸਦੀਆਂ ਤੋਂ ਚਿੰਬੜਿਆ ਹੋਇਆ ਪਛਤੇਵਾਂ, ਕੁੰਜ ਵਾਂਗ ਲਾਹ ਕੇ ਪਿੱਛੇ ਸੁੱਟ ਦਿੱਤਾ। ਇਸ ਤਰ੍ਹਾਂ ਚਮਾਰ ਜਾਤੀ 'ਰਵਿਦਾਸੀਆ' ਬਣ ਗਈ। ਸਦੀਆਂ ਦੀ ਹੀਣਤਾ ਦੀ ਭਾਵਨਾ ਇਕ ਹਸਤੀ ਨੇ ਆਪਣੀ ਸਾਧਨਾ ਨਾਲ ਲਾਹ ਸੁੱਟੀ। ਜਾਤੀ ਦੇ ਕਰਤੱਵ ਪ੍ਰਤੀ ਹੀਣ ਭਾਵਨਾ ਪੈਦਾ ਕਰਨ ਵਾਲੇ ਅਨਾਰਦੀ ਵਰਤਾਓ, 'ਦਾਰਿਦ ਦੇਖ ਸਭ ਕਉ ਹਸੈ' ਦੇ ਬੋਲਾਂ ਤੇ ਘਿਰਣਾ ਭਰੀਆਂ ਤੱਕਣੀਆਂ ਦੇ ਉਲਟ ਸਤਿਕਾਰ ਪੈਦਾ ਕਰ ਦਿੱਤਾ। 'ਆਚਾਰ ਸਹਿਤ ਬਿਪ ਡੰਡਾਉਤਾਂ' ਕਰਨ ਲੱਗੇ। ਇਹ ਵੱਡਾ ਪਲਟਾ ਦੁਨੀਆਂ ਦੇ ਲੋਕਾਂ ਨੇ, ਜਾਤ ਅਭਿਮਾਨੀ ਪੰਡਿਆਂ ਦੇ ਗੜ੍ਹ, ਵਰਨਾਂ ਆਸ਼ਰਮਾਂ ਤੇ ਕਰਮ ਕਾਂਡਾਂ ਦੀ ਕੰਡਿਆਲੀਆਂ ਵਾੜਾਂ ਵਿਚ, ਵੇੜੇ, ਨਗਰ, ਬਨਾਰਸ ਵਿਚ ਵਰਤੀਂਦਾ ਦੇਖਿਆ, ਦੁਨੀਆਂ ਨੇ ਰਵਿਦਾਸ ਜੀ ਦਾ ਜੱਸ ਕੰਨੀ ਸੁਣਿਆ। ਉਨ੍ਹਾਂ ਦੱਸਿਆ ਕਿ ਪ੍ਰੇਮਾ ਭਗਤੀ ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ, ਜਗਿਆਸੂ ਭਾਵੇਂ ਕਿਸੇ ਜਾਤ ਵਿਚੋਂ ਹੋਵੇ, ਉਸ ਅੰਦਰ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉਚੇ ਤੋਂ ਉਚੇ ਸਨਮਾਨ ਵਾਲੀ ਪਦਵੀ ਉਤੇ ਪੁੱਜ ਸਕਦਾ ਹੈ:-

ਜਿਹ ਕੁਲ ਸਾਧ ਬੈਸਨੌ ਹੋਇ॥

ਬਰਨ ਅਬਰਨ ਰੰਕ ਨਹੀਂ ਈਸੁਰ

ਬਿਮਲ ਬਾਸੁ ਜਾਨੀਐ ਜਗਿ ਸੋਇ॥

ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ ਡੋਮ ਚੰਡਾਲ ਮਲੇਛ ਮਨ ਸੋਇ॥

ਰਵਿਦਾਸ ਜੀ ਨੂੰ ਭਗਤੀ ਦੀ ਚੇਤਨਾ ਵੱਲ ਖਿੱਚਣ ਲਈ ਸਭ ਤੋਂ ਪਹਿਲਾਂ ਅਹਿਸਾਸ ਪੌਰਾਣਿਕ ਕਾਲ ਦੇ ਭਗਤਾਂ ਦੀ ਸਮਾਜ ਵਿਚ ਮਾਨਤਾ ਅਤੇ ਸ਼ੋਭਾ ਤੋਂ ਜਾਗਿਆ। ਉਹ ਆਪਣੀ ਬਾਣੀ ਵਿਚ ਸ੍ਰੀ ਬਾਲਮੀਕ ਜੀ, ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦਾ ਜ਼ਿਕਰ ਕਰਦੇ ਹਨ ਕਿ ਜੇਕਰ ਉਹ ਭਗਤੀ ਕਰਨ ਨਾਲ ਤਰ ਸਕਦੇ ਹਨ ਤਾਂ ਉਹ ਕਿਉਂ ਨਹੀਂ। ਇਸ ਦੇ ਨਾਲ ਹੀ ਉਹਨਾਂ ਦੇ ਸਮਕਾਲੀ ਭਗਤ ਗੁਰੂਆਂ ਜਿਵੇਂ:- ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸਧਨਾ ਜੀ ਤੇ ਸਤਿਗੁਰੂ ਸੈਨ ਜੀ ਦਾ ਵੀ ਬਹੁਤ ਪ੍ਰਭਾਵ ਪਿਆ। ਇਸ ਦੀ ਉਦਾਹਰਣ ਇਸ ਪ੍ਰਕਾਰ ਹੈ:-

ਹਰਿ ਕੇ ਨਾਮ ਕਬੀਰ ਉਜਾਗਰ॥

ਜਨਮ ਜਨਮ ਕੇ ਕਾਟੇ ਕਾਗਰ॥

ਨਿਮਤ ਨਾਮਦੇਉ ਦੂਧ ਪਿਆਇਆ॥

ਤਉ ਜੱਗ ਜਨਮ ਸੰਕਟ ਨਹੀਂ ਆਇਆ॥

ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ॥

ਕਹਿ ਰਵਿਦਾਸ ਸੁਣਹੁ ਰੇ ਸੰਤਹੁ ਹਰਿ ਜੀਉ ਤੇ ਸਭ ਸਰੈ॥

ਜਦੋਂ ਉਹਨਾਂ ਨੇ ਜਗਤ ਗੁਰੂ ਪਾਰਬ੍ਰਹਮ ਦਾ ਅਹਿਸਾਸ ਕਰ ਲਿਆ ਤਾਂ ਉਹਨਾਂ ਨੇ ਆਪਣੇ ਸਤਿਗੁਰੂ ਨੂੰ ਸਿੱਧਾ ਸੰਬੋਧਨ ਕੀਤਾ, ਇਹ ਭਾਵਨਾ ਨਿਮਨ-ਲਿਖਤ ਸਤਰਾਂ ਤੋਂ ਪ੍ਰਗਟ ਹੁੰਦਾ ਹੈ:-

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ॥

ਹਮ ਕਹੀਅਤ ਕਲਿਜੁਗ ਕੇ ਕਾਮੀ॥

ਸਤਿਗੁਰੂ ਰਵਿਦਾਸ ਜੀ ਜਾਣਦੇ ਸਨ ਕਿ ਉਨ੍ਹਾਂ ਨੂੰ ਰਸਮਾਂ ਅਨੁਸਾਰ ਫੁੱਲ ਮਾਲਾ ਤੇ ਹੋਰ ਸਮੱਗਰੀ ਦੇਵਤੇ ਨੂੰ ਚੜ੍ਹਾਉਣ ਲਈ ਕਿਸੇ ਮੰਦਰ ਵਿਚ ਨਹੀਂ ਜਾਣ ਦਿੱਤਾ ਜਾਵੇਗਾ, ਇਸ ਲਈ ਉਹਨਾਂ ਨੇ ਆਪਣੇ ਮਨ ਨੂੰ ਹੀ ਮੰਦਰ ਬਣਾ ਲਿਆ ਤੇ ਕਿਹਾ ਕਿ ਉਹ ਸੁਆਮੀ ਤਾਂ ਸਭਨਾਂ ਘਟਾਂ ਵਿਚ ਵਸਦਾ ਹੈ:-

'ਸਰਸੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥'

ਸਤਿਗੁਰੂ ਰਵਿਦਾਸ ਜੀ ਦੇ ਵਿਚਾਰਾਂ ਵਿਚ ਅਡੋਲਤਾ ਆ ਗਈ, ਇਸ ਪਿੱਛੇ ਉਨ੍ਹਾਂ ਦੇ ਜੀਵਨ ਦਾ ਲੰਮਾ ਤਜਰਬਾ ਸੀ। ਇਸ ਤਜਰਬੇ ਵਿਚੋਂ ਉਹਨਾਂ ਨੂੰ 'ਬੇਗਮਪੁਰਾ ਦਾ ਅਹਿਸਾਸ' ਹੋਇਆ। ਇਹ ਉਹ ਸੰਸਾਰ ਹੈ ਜਿੱਥੇ ਕਿਸੇ ਨੂੰ ਕੋਈ ਗਮ ਤੇ ਫਿਕਰ ਨਾ ਹੋਵੇ, ਇਹ ਸੰਦੇਸ਼ ਉਹਨਾਂ ਨੇ ਸਮੁੱਚੀ ਮਾਨਵਤਾ ਨੂੰ ਦਿੱਤਾ ਤੇ ਕਿਹਾ:-

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹ ਤਿਹਿ ਠਾਉ॥ ਨਾ ਤਸਵੀਸ ਖਿਰਾਜੁ ਨਾ ਮਾਲੁ॥ ਖਉਫੁ ਨ ਖਤਾ ਨਾ ਤਰਸੁ ਜਵਾਲੁ॥

ਸਤਿਗੁਰੂ ਸੈਣ ਜੀ ਰਚਿਤ, 'ਕਬੀਰ-ਰਵਿਦਾਸ ਸੰਵਾਦ' ਇਕ ਪੁਰਾਤਨ ਰਚਨਾ ਹੈ। ਸਤਿਗੁਰੂ ਸੈਣ ਜੀ, ਸਤਿਗੁਰੂ ਰਵਿਦਾਸ ਜੀ ਤੇ ਸਤਿਗੁਰੂ ਕਬੀਰ ਦਾਸ ਜੀ ਦੇ ਸਮਕਾਲੀ ਵੀ ਸਨ। ਇਸ ਰਚਨਾ ਵਿਚ ਸਤਿਗੁਰੂ ਕਬੀਰ ਦਾਸ ਜੀ ਅਤੇ ਸਤਿਗੁਰੂ ਰਵਿਦਾਸ ਜੀ ਦੀ ਨਿਰਗੁਣ ਤੇ ਸਰਗੁਣ ਬਾਰੇ, ਵਿਚਾਰਾਂ ਦੀ ਚਰਚਾ ਬੜੀ ਉਚ ਪਾਏ ਦੀ ਹੈ। ਇਸ ਚਰਚਾ ਤੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਅਵਤਾਰਵਾਦੀ ਵਿਚਾਰਾਂ ਦੇ ਸਨ। ਇਹ ਉਹਨਾਂ ਦਾ ਪ੍ਰੇਮਾ ਭਗਤੀ ਦਾ ਆਰੰਭਕ ਦੌਰ ਹੈ ਤੇ ਬਾਅਦ ਵਿਚ ਆਪਣੇ ਵਿਸ਼ਾਲ ਬੌਧਿਕ ਵਿਕਾਸ ਬਾਅਦ ਤੇ ਗੁਰੂ ਨਾਨਕ ਦੇਵ ਜੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ, ਨਿਰਗੁਣਵਾਦੀ ਬਣ ਗਏ। ਸਤਿਗੁਰੂ ਕਬੀਰ ਦਾਸ ਜੀ ਉਹਨਾਂ ਤੋਂ ਕਾਫੀ ਸਮਾਂ ਪਹਿਲਾਂ ਨਿਰਗੁਣਵਾਦੀ ਬਣ ਚੁੱਕੇ ਸਨ।

(ਬਾਕੀ ਅਗਲੇ ਸਫੇ ਤੇ)

# ਚਾਰਿ ਵਰਨ ਪਏ ਪਗਿ ਆਇ




**ਸੋਹਣ ਸਹਿਜਲ**

095014-77278


''ਚਾਰਿ ਵਰਨ ਪਏ ਪਗਿ ਆਇ'', ਸ਼ਬਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ ਸੱਤ ਸੌ ਤੇਤੀ 'ਤੇ ਚੌਥੇ ਗੁਰੂ, ਗੁਰੂ ਰਾਮ ਦਾਸ ਜੀ ਦੇ ਵਚਨ ਹਨ ਅਤੇ ਮਹਿਮਾ, ਸ੍ਰੀ ਗੁਰੂ ਰਵਿਦਾਸ ਜੀ ਦੀ ਗਾਈ ਗਈ ਹੈ। ਪ੍ਰਸੰਗ ਇਹ ਹੈ ਕਿ ਭਾਵੇਂ ਗੁਰੂ ਜੀ, ਨੀਵੀਂ ਕਹੀ ਜਾਣ ਵਾਲੀ ਜਾਤ ਵਿੱਚ ਪੈਦਾ ਹੋਏ ਪਰ ਆਪਣੇ ਸਦਾਚਾਰਕ ਗੁਣਾਂ ਅਤੇ ਮਾਨਸਿਕ ਬਲ ਸਦਕਾ ਏਨਾ ਨਾਮਣਾ ਖੱਟਿਆ ਕਿ ਉਹ ਸਰਬ ਸਾਂਝੇ ਹੋ ਗਏ, ਸਾਰੇ ਉਹਨਾਂ ਦਾ ਮਾਣ ਸਨਮਾਨ ਕਰਦੇ, ਉਪਦੇਸ਼ ਸੁਣਦੇ, ਚਰਨ ਵੰਦਨਾ ਕਰਦੇ। ਮਹਾਨ ਗੁਰੂ ਦੀ ਵਡਿਆਈ ਦਾ ਇਹ ਪ੍ਰਮਾਣ, ਗੁਰੂ ਗ੍ਰੰਥ ਅੰਦਰ, ਸਦਾ ਸਦਾ ਲਈ ਅੰਕਿਤ ਹੈ। ਇਸੇ ਤਰ੍ਹਾਂ ਹੋਰ ਸਮਕਾਲੀ ਸੰਤਾਂ ਮਹਾਂ ਪੁਰਸ਼ਾਂ, ਗੁਰੂਆਂ ਨੇ ਵੀ ਮਹਾਨ ਰਹਿਬਰ ਦੀ ਜਸ ਕੀਰਤੀ ਬਾਰੇ ਕਈ ਥਾਈਂ ਇਸ਼ਾਰੇ ਦਿੱਤੇ ਹਨ। ਸਪਸ਼ਟ ਹੈ ਕਿ ਗੁਰੂ ਜੀ ਆਪਣੇ ਸਮੇਂ ਦੀ ਚਰਚਿਤ ਹਸਤੀ ਸਨ।

ਕਿਸੇ ਦੀ ਵਡਿਆਈ ਕਰਨਾ, ਕਿਸੇ ਦੀ ਮਹਿਮਾ ਗਾਉਣਾ, ਆਮ ਕਰਕੇ ਔਖਾ ਲਗਦਾ ਹੈ। ਇਹ ਉਦੋਂ ਹੋਰ ਵੀ ਮੁਸ਼ਕਿਲ ਜਾਪਦਾ ਹੈ ਜਦੋਂ ਵਡਿਆਈ ਦੇ ਪਾਤਰ ਦਾ ਨਾਮ ਕਿਸੇ ਅਖੌਤੀ ਨੀਵੀਂ ਜਾਤ ਨਾਲ ਜੁੜਦਾ ਹੋਵੇ। ਪਰ ਮਹਾਂਪੁਰਸ਼, ਤੇਰ ਮੇਰ ਵਿੱਚ ਨਹੀਂ ਪੈਂਦੇ। ਨਿਰਪੱਖ ਨਿਰਣਾਂ ਦਿੰਦੇ ਹਨ। ਜੇ ਸਤਿਗੁਰੂ ਕਬੀਰ ਜੀ, ''ਸਾਧਨ ਮੇਂ ਰੈਦਾਸ ਸੰਤ ਹੈ'', ਵਚਨ ਕਰਦੇ ਹਨ ਜਿਹਨਾਂ ਦੇ ਸਨਮੁੱਖ, ''ਹਿੰਦੂ ਤੁਰਕ ਦੁਈ ਦੀਨ ਬਨੇ ਹੈਂ'', ਤਾਂ ਜਸ ਕੀਰਤੀ ਦਾ ਹੱਕਦਾਰ ਕੋਈ ਲੋਕ-ਨਾਇਕ ਹੀ ਹੋਵੇਗਾ।

ਜਿਹਨਾਂ ਬਾਰੇ ਚੌਥੇ ਗੁਰੂ, ਗੁਰੂ ਰਾਮਦਾਸ ਫੁਰਮਾਉਂਦੇ ਹਨ:

ਰਵਿਦਾਸ ਚਮਾਰ ਉਸਤਿਤ ਕਰੇ ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।। ੨।। ਪੰਨਾ 733

ਤਾਂ ਐਸਾ ਮਹਾਂਪੁਰਸ਼ ਕੋਈ ਯੁੱਗ ਪੁਰਖ ਹੀ ਹੋਵੇਗਾ ਜਿਸਨੂੰ ਸਮਾਜ ਦੇ ਸਾਰੇ ਵਰਗਾਂ ਦਾ ਪਿਆਰ ਸਤਿਕਾਰ ਮਿਲਿਆ ਅਤੇ ਉਹ ਵੀ ਅੱਜ ਤੋਂ ਸੈਂਕੜੇ ਸਾਲ ਪਹਿਲਾਂ ਜਦੋਂ ਕਿਸੇ ਵੀ ਅਖੌਤੀ ਅਛੂਤ ਲਈ ਧਰਮ ਕਰਮ ਦੀ ਗੱਲ ਕਰਨਾ, ਆਪਣੀ ਮੌਤ ਆਪ ਸਹੇੜਨ ਬਰਾਬਰ ਸੀ।

ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਵੀ ਜਿਹਨਾਂ ਦੀ ਸਿਫ਼ਤ ਸਲਾਹ ਇੱਕ ਥਾਂ ਨਹੀਂ ਕਈ ਥਾਵਾਂ ਤੇ ਕਰਦੇ ਹਨ ਤਾਂ ਐਸਾ ਆਗੂ ਲੱਖਾਂ ਵਿੱਚੋਂ ਅਲੱਗ ਪਛਾਣਿਆਂ ਜਾ ਸਕਣ ਵਾਲਾ ਹੀ ਕੋਈ ਮਾਈ ਦਾ ਲਾਲ ਹੋਵੇਗਾ :

ਰਵਿਦਾਸ ਧਿਆਏ ਪ੍ਰਭ ਅਨੂਪ।।
ਗੁਰ ਨਾਨਕ ਦੇਵ ਗੋਵਿੰਦ ਰੂਪ।।
(ਆਦਿ ਗ੍ਰੰਥ ਪੰਨਾ 1192)

ਭਲੋ ਕਬੀਰੁ ਦਾਸੁ ਦਾਸਨ ਕੋ, ਊਤਮੁ ਸੈਨੁ ਜਨੁ ਨਾਈ।।
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ।। ੧।।
ਆਦਿ ਗ੍ਰੰਥ ਪੰਨਾ 127)

ਜਿਹਨਾਂ ਬਾਰੇ ਭਾਈ ਗੁਰਦਾਸ ਜੀ,

''ਭਗਤ ਭਗਤੁ ਜਗਿ ਵਜਿਆ ਚਹੁੰ ਚਕਾਂ ਦੇ ਵਿਚਿ ਚਮਿਰੇਟਾ''।
(ਵਾਰ 10, ਪਉੜੀ 17ਵੀਂ) ਅਤੇ
ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।।
(ਭਾਈ ਗੁਰਦਾਸ, ਵਾਰ 12, ਪਉੜੀ 15ਵੀਂ)

ਲਿਖਦੇ ਹਨ, ਐਸੇ ਮਹਾਂਪੁਰਸ਼ ਦੀ ਬਾਣੀ ਜਰੂਰ ਹੀ ਉਸ ਸਮੇਂ ਵੀ ਜ਼ਮਾਨੇ ਭਰ ਵਿੱਚ ਗੂੰਜਦੀ ਰਹੀ ਹੋਵੇਗੀ। ਹੋ ਸਕਦਾ ਹੈ ਕਿ ਭਗਤ ਧੰਨਾ ਜੀ ਨੇ ਗੁਰੂ ਰਵਿਦਾਸ ਜੀ ਦੀ 'ਆਰਤੀ' ਤੋਂ ਪ੍ਰਭਾਵਿਤ ਹੋ ਕੇ ਆਰਤਾ ਉਚਾਰਿਆ ਹੋਵੇ।

ਜਿਹਨਾਂ ਦੇ ਮਨੋਹਰ ਬੋਲ ਪੰਜਾਬ ਦੇ ਆਮ ਲੋਕਾਂ ਦੀ ਜ਼ੁਬਾਨ ਉੱਤੇ ਸਨ, ਜਿਹਨਾਂ ਦੀ ਬਾਣੀ ਨੂੰ ਭਾਈ ਮਰਦਾਨਾ, ਗੁਰੂ ਨਾਨਕ ਦੇਵ ਜੀ ਨੂੰ ਗਾ ਕੇ ਸੁਣਾਇਆ ਕਰਦਾ ਸੀ ਤਾਂ ਐਸਾ ਸੰਤ ਭਗਤ, ਸਮਾਜ ਦਾ ਕੋਈ ਰੌਸ਼ਨ ਦਿਮਾਗ ਹੀ ਹੋਵੇਗਾ ਜਿਸ ਦੀ ਮਕਬੂਲੀਅਤ ਲੋਕਾਂ ਦੇ ਦਿਲੋ ਦਿਮਾਗ ਤੱਕ ਪ੍ਰਵਾਨ ਚੜ੍ਹ ਚੁੱਕੀ ਹੋਵੇਗੀ। ਇਤਿਹਾਸਕ ਤੌਰ 'ਤੇ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ ਤੋਂ ਵੱਡੇ ਸਨ, ਦੁਨੀਆਂ ਵਿੱਚ ਉਨ੍ਹਾਂ ਤੋਂ ਪਹਿਲਾਂ ਆਏ। ਸੁਭਾਵਕ ਹੈ, ਉਨ੍ਹਾਂ ਨੇ ਬਾਣੀ ਦੀ ਰਚਨਾ ਵੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੀ ਕੀਤੀ। ਇਹ ਬਾਣੀ, ਗੁਰੂ ਨਾਨਕ ਪਾਸ ਮੌਜੂਦ ਸੀ ਜਿਸ ਨੂੰ ਭਾਈ ਮਰਦਾਨਾ, ਗੁਰੂ ਨਾਨਕ ਜੀ ਨੂੰ ਸੰਗਤਾਂ ਦੀ ਹਾਜ਼ਰੀ ਵਿੱਚ ਗਾ ਕੇ ਸੁਣਾਉਂਦਾ। ਸਪੱਸ਼ਟ ਹੈ ਕਿ ਗੁਰੂ ਰਵਿਦਾਸ ਬਾਣੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਮੁੱਢ ਬੰਨ੍ਹਦੀ ਹੈ।

ਭਗਤ ਧੰਨਾ ਜੀ, ਭੱਟ ਕਲ੍ਹਸਹਾਰ, ਸੰਤ ਮੀਰਾਂ, 'ਭਗਤ ਮਾਲ', ਕ੍ਰਿਤ ਸੁਆਮੀ ਨਾਭਾ ਦਾਸ ਜੀ, ਸੰਤ ਦਾਦੂ ਦਿਆਲ, ਸੰਤ ਧਰੁਵ ਦਾਸ, ਸੰਤ ਰੱਜਵ ਦਾਸ ਇਹਨਾਂ ਸਾਰਿਆਂ ਅਤੇ ਹੋਰਨਾਂ ਨੇ ਜਿਸ ਰਹਿਬਰ ਦੀ ਮਹਾਨਤਾ ਬਾਰੇ ਸ਼ਰਧਾ ਪੂਰਬਕ ਜ਼ਿਕਰ ਕੀਤਾ ਹੈ, ਉਹ ਰਹਿਬਰ ਜਰੂਰ ਹੀ ਸੱਚਾਈ ਮਾਨਵਤਾ ਨਿਡਰਤਾ ਅਤੇ ਪ੍ਰੀਤ ਪਿਆਰ ਦਾ ਮੁਜੱਸਮਾਂ ਰਿਹਾ ਹੋਵੇਗਾ। ਰਾਜਾ ਪੀਪਾ ਦੇ ਵਚਨ ਹਨ,

''ਜੇ ਕਲਿ ਰੈਦਾਸ ਕਬੀਰ ਨ ਹੋਤੇ,
ਤੇ ਲੋਕ ਵੇਦ ਅਰ ਕਲਿਜੁਗ
ਮਿਲਿ ਕਰ ਭਗਤਿ ਰਸਾਤਲ ਦੇਤੇ।''
(ਸਤਿਗੁਰੂ ਰਵਿਦਾਸ ਜੀ, ਜੀਵਨ ਅਤੇ ਉਦੇਸ਼, ਲੇਖਕ ਜਸਬੀਰ ਜੱਸੀ ਪੰਨਾ 447)

ਬ੍ਰਾਹਮਣਵਾਦ ਦਾ ਗੜ੍ਹ ਕਾਂਸ਼ੀ ਬਨਾਰਸ, ਸਿਕੰਦਰ ਲੋਧੀ ਦਾ ਰਾਜ, ਮਨੂੰ ਧਰਮ ਦਾ ਬੋਲਬਾਲਾ, ਇੱਕ ਸ਼ੂਦਰ ਪਰਵਾਰ ਵਿੱਚ ਰਵਿਦਾਸ ਦਾ ਜਨਮ, ਫਿਰ ਵੀ ਬਿਪ੍ਰ ਜਿਸਨੂੰ ਡੰਡਉਤਿ ਕਰਨ, ਰਾਜਾ ਪੀਪਾ, ਰਾਣੀ ਝਾਲਾਂ, ਮੀਰਾ ਬਾਈ ਜਿਸਦੇ ਸੇਵਕ ਸੇਵਕਾਵਾਂ ਹੋਣ, ਜਿਸਦੀ ਵਿਮਲ ਬਾਣੀ, ਸ਼ੰਕੇ ਨਵਿਰਤ ਕਰਕੇ, ਜੀਵਨ ਦੀਆਂ ਉਲਝਣਾਂ ਸੁਲਝਾਉਣ ਵਾਲੀ ਹੋਵੇ, ਜਿਸ ਦਾ ਸੰਦੇਸ਼, ਹੱਦਾਂ ਸਰਹੱਦਾਂ ਅਤੇ ਦੇਸ਼ ਕਾਲ ਤੋਂ ਵੀ ਉੱਪਰ ਹੋਵੇ, ਕੀ ਹੈ ਜੋ ਉਹਨਾਂ ਦੀ ਮਹਿਮਾਂ ਅਤੇ ਪ੍ਰਸੰਗਕਿਤਾ ਨੂੰ ਸਦੀਵਤਾ ਪ੍ਰਦਾਨ ਕਰਦਾ ਹੈ? ਉਹ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ,

(1) ਸੱਚ ਦਾ ਗੁਣਗਾਨ, ਸੱਚ ਦਾ ਵਿਖਿਆਨ ਹੈ, ਸੱਚ ਦਾ ਪਰਚਮ ਹਮੇਸ਼ਾ ਉੱਚਾ ਰਹਿੰਦਾ ਹੈ।
(2) ਵਿੱਦਿਆ ਗਿਆਨ ਰੌਸ਼ਨੀ ਚੇਤਨਤਾ ਜਾਗ੍ਰਤੀ ਦੇ ਮਹੱਤਵ ਨੂੰ ਬਿਆਨ ਕਰਦੀ ਹੈ।
(3) ਵਹਿਮਾਂ ਭਰਮਾਂ, ਕਰਮ ਕਾਂਡਾ, ਬਾਹਰੀ ਦਿਖਾਵਿਆਂ, ਅਵਤਾਰਵਾਦ, ਹਊਮੈਂ ਨਿੰਦਾ, ਜਾਤਪਾਤ, ਮੂਰਤੀ ਪੂਜਾ, ਅੰਧਵਿਸ਼ਵਾਸਾਂ ਦਾ ਖੰਡਨ ਕਰਦੀ ਹੈ।
(4) ਮਨੁੱਖ ਨੂੰ, ਆਦਰਸ਼ ਮਨੁੱਖ ਬਣਨ ਦੀ ਪ੍ਰੇਰਣਾ ਦਿੰਦੀ ਹੈ।
(5) ਬੇਗ਼ਮਪੁਰੇ ਵਰਗੇ ਵਿਸ਼ਵ ਰਾਜ, ਵਿਸ਼ਵ ਸ਼ਹਿਰ ਦਾ ਸੰਕਲਪ ਪੇਸ਼ ਕਰਦੀ ਹੈ।
(6) ਬੰਦੇ, ਆਪ ਨੂੰ ਪਛਾਣ, ਮਨ ਨੂੰ ਸਾਧ, ਮਾਨਵ ਜੀਵਨ ਨੂੰ ਦੁਰਲੱਭ ਜਾਣ, ਇਸ ਦਾ ਕੋਈ ਮਕਸਦ ਮਿੱਥ, ਪ੍ਰੇਮ, ਨਿਮਰਤਾ, ਨੈਤਿਕਤਾ, ਸਦਾਚਾਰ ਦਾ ਧਾਰਣੀ ਬਣ, ਨਾਸ਼ਵਾਨ ਸੰਸਾਰ ਦੀ ਅਸਲੀਅਤ ਸਮਝ, ਆਪਣੀ ਮੂਰਖਤਾ ਪ੍ਰਤੀ ਚੇਤੰਨ ਹੋ, ਮਨ ਬਚਨ ਤੇ ਕਰਮ ਵਿੱਚ ਇੱਕਸੁਰਤਾ ਕਾਇਮ ਕਰ, ਐਸਾ ਸੰਦੇਸ਼ ਦਿੰਦੀ ਹੈ।
(7) ਬ੍ਰਾਹਮਣਵਾਦ ਦੇ ਤਿੰਨਾਂ ਹੀ ਪ੍ਰਮੁੱਖ ਅੰਗਾਂ, ਅਵਤਾਰਵਾਦ, ਪੁਰੋਹਿਤਵਾਦ ਅਤੇ ਵਰਣ-ਵੰਡ ਸਿਧਾਂਤ ਨੂੰ ਮੂਲੋਂ ਹੀ ਰੱਦ ਕਰਦੀ ਹੈ।
(ਸਿੱਖ ਧਰਮ ਦੀ ਵਿਲੱਖਣਤਾ-ਡਾ. ਇੰਦਰਜੀਤ ਸਿੰਘ ਵਾਸੂ)
(8) ਅਗਲੇ ਪਿਛਲੇ ਜਨਮ, ਨਰਕ-ਸਵਰਗ, ਆਤਮਾ, ਕਿਸਮਤਵਾਦ ਦਾ ਖੰਡਨ ਕਰਦੀ ਹੈ।
(9) ਜੈਸੀ ਕਰਨੀ, ਵੈਸੀ ਭਰਨੀ, ਜਿਹਾ ਬੀਜੋਗੇ, ਤਿਹਾ ਵੱਢੋਗੇ, ਸ੍ਰਿਸ਼ਟੀ ਚਲਣ ਦੇ ਇਸ ਕੁਦਰਤੀ ਅਤੇ ਸੁਭਾਵਕ ਵਿਧਾਨ ਦਾ ਸਮਰਥਨ ਕਰਦੀ ਹੈ।
(10) ਮਰਦ ਔਰਤ ਇੱਕ ਬਰਾਬਰ ਦਾ ਨਾਅਰਾ ਬੁਲੰਦ ਕਰਦੀ ਹੈ।
(11) ਇੱਕ ਜੀਵਨ ਜਾਂਚ ਨੂੰ ਸਥਾਪਿਤ ਕਰਦੀ ਹੈ। ਵਿਚਾਰਧਾਰਾ ਦਾ ਆਧਾਰ, ਸਦ-ਾਚਾਰਕ ਅਤੇ ਮਨ ਦੀ ਦ੍ਰਿੜ੍ਹ ਸ਼ਕਤੀ ਹੈ।
(12) ਗੁਰੂ ਰਵਿਦਾਸ ਬਾਣੀ, ਕੇਵਲ ਬਾਣੀ ਹੀ ਨਹੀਂ, ਲੋਕ ਮਨਾਂ ਵਿੱਚ ਉੱਤਰ ਜਾਣੇ ਵਾਲੇ ਬੋਲ ਹਨ ਜਿਵੇਂ

(1) ਸਹ ਕੀ ਸਾਰ ਸੁਹਾਗਨਿ ਜਾਨੈ। ਪੰਨਾ 793
(2) ਸੋ ਕਤ ਜਾਨੈ ਪੀਰ ਪਰਾਈ। ਪੰਨਾ 793
ਜਾ ਕੈ ਅੰਤਰਿ ਦਰਦੁ ਨ ਪਾਈ।
(3) ਕਰਨਾ ਕੂਚੁ ਰਹਨ ਥਿਰੁ ਨਾਹੀਂ। ਪੰਨਾ 793

ਇਸੇ ਲਈ ਗੁਰੂ ਜੀ, ਜਨ-ਨਾਇਕ ਹਨ, ਉਹਨਾਂ ਦੀ ਭਾਸ਼ਾ, ਆਮ ਲੋਕਾਂ ਦੀ ਭਾਸ਼ਾ ਹੈ, ਉਹਨਾਂ ਦੇ ਭਾਵ, ਆਮ ਲੋਕਾਂ ਦੇ ਭਾਵ ਹਨ। ਉਹਨਾਂ ਦੀ ਸੁਰ ਆਮ ਲੋਕਾਂ ਦੀ ਸੁਰ ਹੈ।

(13) (1) ਭਗਤ ਪ੍ਰੰਪਰਾ, ਧਰਮ ਅਤੇ ਸਮਾਜ ਦੁਆਰਾ ਬਣਾਈਆਂ ਗਈਆਂ ਜਾਤਪਾਤ ਦੀਆਂ ਨੀਤੀਆਂ ਦਾ ਵਿਰੋਧ ਕਰਦੀ ਹੈ।
(2) ਸਮਾਜਿਕ ਕੁਰੀਤੀਆਂ, ਮਾੜੀਆਂ ਨੀਤੀਆਂ ਦਾ ਖੰਡਨ ਕਰਦੀ ਹੈ।
(3) ਧਰਮ ਦੇ ਨਾਂ ਤੇ ਫੈਲੇ ਅੰਧਵਿਸ਼ਵਾਸਾਂ ਤੇ ਕਰਮਕਾਂਡਾਂ ਦੀ ਨਿਖੇਧੀ ਕਰਦੀ ਹੈ।
(4) ਸਰਬੱਤ ਦਾ ਭਲਾ ਮੰਗਦੀ ਹੈ।
(5) ਭਗਤੀ ਦਾ ਅਰਥ, ਸੇਵਾ ਅਤੇ ਨਿਰਮਾਣਤਾ ਹੈ।
(6) ਪ੍ਰਸਿੱਧ ਇਤਿਹਾਸਕਾਰ ਸ੍ਰੀ ਈਸ਼ਵਰੀ ਪ੍ਰਸਾਦ ਨੇ ਲਿਖਿਆ ਹੈ ਕਿ ਮੱਧ ਕਾਲ ਵਿੱਚ ਗੁਰੂ ਰਵਿਦਾਸ ਅਤੇ ਸੰਤ ਕਬੀਰ ਵਰਗੇ ਸੰਤ ਜੇਕਰ ਸਮਾਜ ਨੂੰ ਇੱਕ ਸੂਤਰ ਵਿੱਚ ਬੰਨ੍ਹਣ ਦੀ ਕੋਸ਼ਿਸ਼ ਨਾ ਕਰਦੇ ਤਾਂ ਅੱਜ ਭਾਰਤ ਦਾ ਇਤਿਹਾਸ, ਕੁਝ ਹੋਰ ਹੀ ਹੋਣਾ ਸੀ।

ਗੁਰੂ-ਰਵਿਦਾਸ ਬਾਣੀ ਦੇ ਅਜਿਹੇ ਸਮਾਜਿਕ ਸਰੋਕਾਰਾਂ ਸਦਕਾ ਹੀ ਇਹ ਬਾਣੀ ਸਰਵ-ਪ੍ਰਵਾਨਤ, ਸਰਬੱਤ ਦੇ ਭਲੇ ਹਿੱਤ ਹੈ ਜਿਸ ਤੋਂ ਪ੍ਰਭਾਵਿਤ ਹੋ ਕੇ ਜਿਵੇਂ ਕਿ ਗੁਰੂ ਫੁਰਮਾਨ ਹੈ, ''ਚਾਰਿ ਵਰਨ ਪਏ ਪਗਿ ਆਇ।''

ਮਨੁੱਖਾ ਜਨਮ ਦੁਰਲੱਭ ਹੈ। ਮਨੁੱਖ ਵਰਗਾ ਦੁਨੀਆਂ ਉੱਤੇ ਹੋਰ ਕੁਝ ਨਹੀਂ। ਮਨੁੱਖ, ਕੁਦਰਤ ਦਾ ਸ਼ਾਹਕਾਰ ਹੈ, ਕੁੱਲ-ਪ੍ਰਾਣੀ ਸੰਸਾਰ ਦਾ ਸਰਦਾਰ ਹੈ। ਉਹ ਦੁਨੀਆਂ ਨੂੰ ਜਿੱਦਾਂ ਦੀ ਚਾਹੇ ਬਣਾ ਸਕਦਾ ਹੈ। ਜਿੱਦਾਂ ਦਾ ਉਹ ਹੋਵੇਗਾ, ਓਦਾਂ ਦੀ ਹੀ ਇਹ ਦੁਨੀਆਂ ਹੋ ਜਾਵੇਗੀ। ਪਰ ਉਹ ਜੀਵਨ ਵੀ ਧਿੱਕਾਰ ਹੈ ਜਿਸ ਦਾ ਕੋਈ ਉੱਚਾ ਨਿਸ਼ਾਨਾ ਨਹੀਂ, ਕੋਈ ਮੰਜ਼ਿਲ ਨਹੀਂ, ਜੋ ਪਰਉਪਕਾਰੀ ਪ੍ਰੇਮ ਭਰਿਆ ਨਹੀਂ? ਜੀਵਨ ਜੋ ਬੀਤ ਗਿਆ, ਸੋ ਬੀਤ ਗਿਆ, ਭਵਿੱਖ ਬਾਰੇ ਖ਼ਬਰ ਨਹੀਂ, ਸੋ ਇਸ ਵੇਲੇ ਦਾ, ਮੌਜੂਦਾ ਸਮੇਂ ਦਾ ਸਦਉਪਯੋਗ ਕਰਨਾ, ਵਰਤਮਾਨ ਦਾ ਵੱਧ ਤੋਂ ਵੱਧ ਲਾਹਾ ਲੈਣਾ ਹੀ ਜੀਵਨ ਨੂੰ ਸਾਰਥਿਕ ਕਰਨਾ ਹੈ, ਆਖਰ ਹਰ ਇਕ ਨੇ ਖ਼ਤਮ ਹੋ ਜਾਣਾ ਹੈ। ਸੋ ਕਾਹਦਾ ਮਾਣ ਹੰਕਾਰ, ਕਾਹਦੇ ਕੂੜ ਪਸਾਰੇ, ਕਾਹਦੇ ਕਲੇਸ਼ਖਾਨੇ। ਜੇ ਸਾਰੇ ਹੀ ਧਰਤੀ, ਪਾਣੀ, ਅੱਗ, ਹਵਾ, ਆਕਾਸ਼ ਦੇ ਜਾਏ ਹਨ, ਸਾਰਿਆਂ ਦਾ ਨਿਰਮਾਣ ਇਹਨਾਂ ਤੋਂ ਹੀ ਹੈ ਧੁੱਪ, ਹਵਾ, ਸਰਦੀ, ਗਰਮੀ ਸਭ ਲਈ ਹੈ ਤਾਂ ਫਿਰ ਊਚ ਨੀਚ, ਛੋਟੇ ਵੱਡੇ ਜਾਂ ਧਰਮ ਨਸਲ ਦੀਆਂ ਕਾਹਦੀਆਂ ਵੰਡੀਆਂ। ਗੁਰੂ ਵਚਨ ਹਨ :-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ।
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।। ਪੰਨਾ 6593
ਦੋਮ ਨ ਸੇਮ ਏਕ ਸੋ ਆਹੀ।। ਪੰਨਾ 345
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ।। ਪੰਨਾ 345-46
ਪ੍ਰਾਨੀ ਕਿਆ ਮੇਰਾ ਕਿਆ ਤੇਰਾ
ਜੈਸੇ ਤਰਵਰ ਪੰਖਿ ਬਸੇਰਾ (ਰਹਾਉ) ਪੰਨਾ 6594

ਮਨੁੱਖ ਦੀ ਫ਼ਿਤਰਤ ਕੀ ਹੈ? ਮਨੁੱਖ ਕਰਦਾ ਕੀ ਹੈ? ਸੰਤੁਲਨ ਵਿੱਚ ਨਹੀਂ ਰਹਿੰਦਾ। ਘੜੀ ਵਿੱਚ ਤੋਲਾ, ਘੜੀ ਵਿੱਚ ਮਾਸਾ ਹੁੰਦਾ ਰਹਿੰਦਾ ਹੈ। ਮਾਇਆ ਆਈ, ਖੁਸ਼ੀ ਦਾ ਟਿਕਾਣਾ ਨਹੀਂ, ਮਾਇਆ ਗਈ, ਰੋ ਪਿੱਟ ਉੱਠਿਆ। ਕਿੰਨਾ ਤੰਗ ਦਿਲ, ਕਿੰਨੀ ਸੌੜੀ ਸੋਚ ਵਾਲਾ, ਕਿੰਨਾ ਹਲਕਾ ਹੋ ਜਾਂਦਾ ਹੈ ਕਈ ਵਾਰ,

'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ'
ਦੇਖੈ ਦੇਖੈ ਸੁਨੈ ਬੋਲੇ ਦਉਰਿਓ ਫਿਰਤੁ ਹੈ।। ਰਹਾਉ।।
ਜਬ ਕਛੁ ਪਾਵੈ ਤਬ ਗਰਬੁ ਕਰਤ ਹੈ।
ਮਾਇਆ ਗਈ ਤਬ ਰੋਵਨੁ ਲਗਤੁ ਹੈ। ਪੰਨਾ 4875

ਇਹ ਚਿੱਤ ਚੇਤਾ ਹੀ ਨਾ ਰੱਖਿਆ ਕਿ ਦੁਨੀਆਂ ਦੀ ਹਰ ਸ਼ੈਅ, ਤਬਦੀਲੀ ਅਧੀਨ ਹੈ, ਹਰ ਚੀਜ਼ ਆਖ਼ਰ ਨੂੰ ਫ਼ਨਾਹ ਹੋਣ ਵਾਲੀ ਹੈ:-

ਕਹਿ ਰਵਿਦਾਸ ਨਿਦਾਨਿ ਦਿਵਾਨੇ।
ਚੇਤਸਿ ਨਾਹੀ ਦੁਨੀਆਂ ਫਨ ਖਾਨੇ। ਪੰਨਾ 793-7946

ਗੁਰੂ ਰਵਿਦਾਸ ਜੀ ਨੇ ਅਛੂਤਾਂ ਉੱਤੇ ਲਾਈ ਗਈ ਉਸ ਪਾਬੰਦੀ ਨੂੰ ਚਕ-ਨਾਚੂਰ ਕਰ ਦਿੱਤਾ ਕਿ ਕੋਈ ਸ਼ੂਦਰ ਧਰਮ ਕਰਮ ਨਹੀਂ ਕਰ ਸਕਦਾ। ਇਹ ਉੱਚਾ ਅਧਿਕਾਰ ਕੇਵਲ ਸਭ ਤੋਂ ਉੱਚੇ ਵਰਗ ਬ੍ਰਾਹਮਣਾਂ ਦਾ ਹੋ ਸਕਦਾ ਸੀ। ਗੁਰੂ ਜੀ ਆਪ ਉਪਦੇਸ਼ਕ ਬਣੇ, ਪ੍ਰਚਾਰਕ ਬਣੇ, ਸੰਤ ਭਗਤ ਬਣੇ ਅਤੇ ਗੁਰੂ ਬਣੇ। ਗੁਰੂ ਜੀ ਨੇ ਸੱਚੇ ਸੁੱਚੇ ਉਪਦੇਸ਼ ਦਿੱਤੇ ਅਤੇ ਪਤਨ ਵਿੱਚ ਧਸਦੇ ਜਾ ਰਹੇ ਸਮਾਜ ਨੂੰ,

ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।। ੨।। ਪੰਨਾ 486

ਕਹਿ ਕੇ ਪ੍ਰੇਮ ਏਕਤਾ ਅਤੇ ਰਲ ਮਿਲ ਕੇ ਰਹਿਣ ਦਾ ਮਾਰਗ ਦੱਸਿਆ। ਮਨੁੱਖੀ ਜੀਵਨ ਕਿਉਂ ਅਕਾਰਥ ਜਾ ਰਿਹਾ ਹੈ, ਕਿਉਂਕਿ ਬਹੁਤਾ ਕਰਕੇ ਅਸੀਂ ਆਪਣੇ ਆਪ ਨੂੰ ਸੁਧਾਰਨ ਦੀ ਬਜਾਏ, ਦੂਜੇ ਦੀ ਨਿੰਦਾ ਕਰਦੇ ਹਾਂ, ਇਸ ਤਰ੍ਹਾਂ ਆਪ ਚੰਗੇ ਜਾਂ ਵੱਡੇ ਹੋਣ ਦੀ ਹਉਮੈਂ ਪਾਲਦੇ ਹਾਂ ਪ੍ਰੰਤੂ ਜਿਹੜੇ ਚੋਰ ਸਾਡੀ ਜੀਵਨ ਪੂੰਜੀ ਨੂੰ ਲੁੱਟ ਰਹੇ ਹਨ, ਉਹਨਾਂ ਪ੍ਰਤੀ ਅਸੀਂ ਸੁਚੇਤ ਨਹੀਂ ਹੁੰਦੇ, ਬੱਸ ਲੁੱਟੇ ਜਾ ਰਹੇ ਹਾਂ, ਮੁੱਕਦੇ ਜਾ ਰਹੇ ਹਾਂ, ਖ਼ਤਮ ਹੁੰਦੇ ਜਾ ਰਹੇ ਹਾਂ। ਗੁਰੂ ਜੀ ਸੁਚੇਤ ਕਰਦੇ ਹਨ, ਯਾਦ ਦਿਲਾਉਂਦੇ ਹਨ :

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ।। ੨।। ਰਹਾਉ।।7

(1) 'ਗੁਰੂ ਰਵਿਦਾਸ ਬਾਣੀ' ਵਿੱਚ, ਮੰਦਰ ਮਸਜਿਦ, ਕਾਟੇ ਹੇਠ ਹਨ।
(2) ਅਵਤਾਰਵਾਦ, ਰੱਦ ਹੈ।
(3) ਸ਼੍ਰੇਣਿਕ ਸਮਾਜ ਦਾ ਤਿੱਖਾ ਵਿਰੋਧ ਹੈ।
(4) ਪੂਜਾ-ਆਡੰਬਰ, ਅਰਥਹੀਣ ਹਨ।
(ਸੰਪਾਦਿਤ ਪੁਸਤਕ, ਗੁਰੂ ਰਵਿਦਾਸ ਜੀਵਨ ਤੇ ਵਿਚਾਰਧਾਰਾ, ਪੰਨਾ 79)

ਗੁਰੂ ਉਪਦੇਸ਼ ਤਾਂ ਇਹੋ ਹੈ ਕਿ ਮਨੁੱਖ ਦਾ ਕਰਮ ਸੱਚਾ ਸੁੱਚਾ ਹੋਵੇ। ਊਚ ਨੀਚ ਇਹ ਨਹੀਂ ਜੋ ਅਸੀਂ ਦੇਖਦੇ ਹਾਂ। ਜੋ ਦੁਰਾਚਾਰੀ ਹੈ, ਨੀਚ ਹੈ, ਜੋ ਸ਼ੁੱਭ ਅਮਲਾਂ ਦਾ ਧਾਰਣੀ ਹੈ, ਉੱਚਾ ਹੈ। ਗੁਰੂ ਜੀ ਨਿਰੇ ਉਪਦੇਸ਼ਕ ਹੀ ਨਹੀਂ ਸਨ ਬਲਕਿ ਜੋ ਉਪਦੇਸ਼ ਕਰਦੇ ਸਨ, ਉਸ ਅਨੁਸਾਰ ਜੀਵਨ ਵੀ ਬਸਰ ਕਰਦੇ ਸਨ। ਇਹ ਨਹੀਂ ਕਿ ਜਿਵੇਂ ਬਾਬਾ ਬੁੱਲੇ ਸ਼ਾਹ ਦਾ ਬਿਆਨ ਹੈ :-

ਲੋਕਾਂ ਕਰਦੇ ਚਾਨਣਾ, ਆਪ ਹਨੇਰੇ ਨਿੱਤ।)

ਅੱਜ, ਉਪਦੇਸ਼ ਹੋਰ ਦਿੱਤੇ ਜਾ ਰਹੇ ਹਨ, ਉਪਦੇਸ਼ਕਾਂ ਦਾ ਆਪਣਾ ਕਿਰਦਾਰ ਉਲਟ ਜਾ ਰਿਹਾ ਹੈ। ਜਿਨ੍ਹਾਂ ਬੁਰਾਈਆਂ ਤੋਂ ਮੁਕਤ ਹੋਣ ਲਈ ਸੰਗਤਾਂ ਨੂੰ ਕਿਹਾ ਜਾਂਦਾ ਹੈ, ਉਨ੍ਹਾਂ ਹੀ ਬੁਰਾਈਆਂ ਦੇ ਸ਼ਿਕਾਰ ਖੁਦ ਪ੍ਰਚਾਰਕ ਦੇਖੇ ਜਾ ਸਕਦੇ ਹਨ। ਪੱਜ ਗੁਰੂ ਰਵਿਦਾਸ ਜੀ ਦਾ ਅਤੇ ਰੱਜ ਆਪਣਾ, ਅਜਿਹੀ ਬਿਰਤੀ, ਆਮ ਲੋਕਾਂ ਦੇ ਹਿੱਤ ਵਿੱਚ ਨਹੀਂ ਹੋ ਸਕਦੀ।

ਅੱਜ ਦੀ ਹੀ ਨਹੀਂ, ਸਾਰੇ ਸਮਿਆਂ ਦੀ ਵੱਡੀ ਲੋੜ ਇਹੋ ਮੰਨਣੀ ਚਾਹੀਦੀ ਹੈ ਕਿ ਮਨੁੱਖ ਦਾ ਜੀਵਨ ਬਿਹਤਰ ਹੋਵੇ। ਜੇ ਮਨੁੱਖ ਸੁਖੀ ਤਾਂ ਜੱਗ ਸੁਖੀ। ਸੁੱਖ ਕੀ ਹੁੰਦਾ ਹੈ, ਸੁੱਖ ਦਾ ਮਾਰਗ ਕਿਹੜਾ ਹੈ, ਇਹ ਸਭ ਮਹਾਂਮਾਨਵ ਬੁੱਧ ਨੇ ਹਜ਼ਾਰਾਂ ਸਾਲ ਪਹਿਲਾਂ ਉਜਾਗਰ ਕਰ ਦਿੱਤਾ ਸੀ। ਇਸੇ ਪ੍ਰੰਪਰਾ ਵਿੱਚ ਗੁਰੂ ਰਵਿਦਾਸ ਜੀ ਦਾ ਨਾਂ, ਜੱਗ-ਰੌਸ਼ਨ ਹੈ। ਇਹਨਾਂ ਨੇ ਸੰਸਾਰ ਨੂੰ ਬੇਗਮਪੁਰੇ ਦਾ ਸੰਕਲਪ ਦਿੱਤਾ। ਸਮਾਜ ਸੰਸਾਰ ਨੂੰ ਗ਼ਮ ਰਹਿਤ ਕਰਨ ਦੀ ਲੋਚਾ ਦੱਸੀ। ਕੇਂਦਰ ਬਿੰਦੂ, ਫੇਰ ਮਨੁੱਖ ਹੀ ਹੈ। ਦਮ ਖ਼ਮ ਵਾਲਾ ਮਨੁੱਖ, ਸਭ ਕੁਝ ਹੋ ਸਕਦਾ ਹੈ। ਜੇ ਸੰਸਾਰ ਬੁਰਾ ਹੈ ਤਾਂ ਬਿਨਾਂ ਸ਼ੱਕ, ਮਨੁੱਖ ਬੁਰਾ ਹੈ।

ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਸਤਿਗੁਰੂ ਰਵਿਦਾਸ ਜੀ ਬਾਰੇ ਵੀ ਲੋਕੀ ਪ੍ਰੰਪਰਾ ਤੋਂ ਹਟ ਕੇ ਸੋਚਣ ਸੁਣਨ ਅਤੇ ਲਿਖਣ ਲੱਗੇ ਹਨ। ਜੋ ਵਿਚਾਰਾਂ ਸਮੇਂ ਦੇ ਹਾਣ ਦੀਆਂ ਨਹੀਂ ਹੁੰਦੀਆਂ, ਜਿਨ੍ਹਾਂ ਘਟਨਾਵਾਂ ਦਾ ਵਾਪਰਨਾ ਅਸੰਭਵ ਹੋਵੇ, ਉਨ੍ਹਾਂ ਨੂੰ ਪੀੜ੍ਹੀ ਦਰ ਪੀੜ੍ਹੀ ਢੋਈ ਜਾਣਾ, ਉਨਤੀ ਜਾਂ ਵਿਕਾਸ ਦੀ ਨਿਸ਼ਾਨੀ ਨਹੀਂ ਹੋ ਸਕਦੀ। ਕਲਪਿਤ ਕਥਾ ਕਹਾਣੀ ਸਤਹੀ ਪੱਧਰ ਤੇ ਭਾਵੇਂ ਆਮ ਲੋਕਾਂ ਨੂੰ ਚੰਗੀ ਲੱਗੇ ਪਰ ਵਿਚਾਰਕ ਪੱਧਰ ਤੇ ਉਹ ਚੇਤੰਨ ਲੋਕਾਂ ਉੱਤੇ ਆਪਣੀ ਪਕੜ ਨਹੀਂ ਬਣਾ ਸਕਦੀ। ਕਿਸੇ ਵੀ ਫਲਸਫੇ ਜਾਂ ਵਿਚਾਰਧਾਰਾ ਦੇ ਸਹੀ ਗਲਤ ਹੋਣ ਦੀ ਪਰਖ ਲਈ ਕਸੌਟੀ ਇਹ ਹੋਣੀ ਚਾਹੀਦੀ ਹੈ ਕਿ ਉਹ ਵਿਚਾਰਧਾਰਾ ਆਮ ਮਨੁੱਖ, ਬਹੁਗਿਣਤੀ ਸਮਾਜ ਦੇ ਹਿੱਤ ਸੁੱਖ ਵਿੱਚ ਹੈ ਜਾਂ ਨਹੀਂ। ਸਤਿਗੁਰੂ ਨਾਮਦੇਵ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ ਅਸਲ ਵਿੱਚ ਫਿਲਾਸਫਰ ਸਨ ਜਿਨ੍ਹਾਂ ਨੇ ਜਨ ਮਾਨਸ ਵਿੱਚ ਚੇਤਨਾ ਦਾ ਵਿਕਾਸ ਕਰਨ ਲਈ ਜ਼ਿੰਦਗੀਆਂ ਲਾਈਆਂ। ਇਹ ਗੱਲ ਅਲੱਗ ਹੈ ਕਿ ਅਸਾਂ ਲੋਕਾਂ ਨੇ ਉਨ੍ਹਾਂ ਨੂੰ ਏਸ ਤਰ੍ਹਾਂ ਬਣਾ ਲਿਆ ਜਾਂ ਸਮਝ ਲਿਆ ਕਿ ਖੁਸ਼ੀ ਖੁਸ਼ਹਾਲੀ ਦੀ ਵਰਖਾ ਉਹ ਆਪੇ ਕਰਨਗੇ ਜਦੋਂ ਕਿ ਉਹਨਾਂ ਦਾ ਉਪਦੇਸ਼ ਸੀ, ਸਾਨੂੰ ਆਪਣੇ ਕੰਮ ਆਪਣੇ ਹੱਥੀਂ ਸੁਆਰਨੇ ਪੈਣੇ ਹਨ ਜਿਸ ਲਈ ਸੂਝਬੂਝ ਅਤੇ ਗਿਆਨ ਜਰੂਰੀ ਹੈ। ਗਿਆਨ ਵੀ ਸਹੀ ਹੋਵੇ, ਸੱਚਾ ਹੋਵੇ, ਮਨੁੱਖ ਅਤੇ ਸਮਾਜ ਦੇ ਹਿੱਤ ਵਿੱਚ ਹੋਵੇ। ਜਿੱਥੇ ਮਨੁੱਖ ਗਲਤ ਹਨ, ਉੱਥੇ ਦੇ ਹਾਲਾਤ ਵੀ ਮਾੜੇ ਰਹਿਣੇ ਹਨ। ਜਿੱਥੇ ਮਨੁੱਖ ਸਹੀ ਹਨ, ਉੱਥੋਂ ਦੇ ਹਾਲਾਤ ਮਾੜੇ ਹੋ ਨਹੀਂ ਸਕਦੇ। ਦੇਸ਼ਾਂ ਦੇਸ਼ਾਂ ਵਿਚਲੀਆਂ ਚੰਗੀਆਂ ਮਾੜੀਆਂ ਕਦਰਾਂ ਕੀਮਤਾਂ ਇਸ ਸੱਚ ਨੂੰ ਬਾਖ਼ੂਬੀ ਦਰਸਾਉਂਦੀਆਂ ਹਨ।

ਜਿਉਂ ਜਿਉਂ ਸਮਾਂ ਬੀਤ ਰਿਹਾ ਹੈ, ਮੂਲ ਨਿਵਾਸੀ ਆਦਿ ਧਰਮੀ ਸਮਾਜ ਵਿੱਚ ਵੀ ਚੇਤਨਤਾ ਵਧ ਰਹੀ ਹੈ। ਹੋਰ ਮਹਾਂ ਪੁਰਸ਼ਾਂ ਮਾਨਵਤਾ ਪ੍ਰੇਮੀਆਂ, ਗੁਰੂ ਰਵਿਦਾਸ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਅਤੇ ਵਿਚਾਰਧਾਰਾ ਨੇ ਲੋਕ ਮਨਾਂ ਵਿੱਚ ਇੱਕ ਹਿੱਲਜੁਲ ਅਤੇ ਉਤਸ਼ਾਹ ਦਾ ਵਾਤਵਰਣ ਸਿਰਜ ਦਿੱਤਾ ਹੈ। ਵਿੱਦਿਆ ਦਾ ਪਸਾਰ ਹੋਇਆ, ਧੰਨ ਆਇਆ, ਸੋਚਾਂ ਨੂੰ ਹੁਲਾਰਾ ਮਿਲਿਆ ਆਪਣੇ ਆਪ ਬਾਰੇ ਜਾਨਣ ਪਛਾਨਣ ਦੀ ਤਾਂਘ ਵਧੀ, ਮਹਾਂਪੁਰਸ਼ਾਂ ਦੇ ਜੀਵਨ ਬਾਰੇ ਖੋਜ ਹੋਣ ਲੱਗੀ। ਕਿਸੇ ਵੀ ਕੌਮ ਦਾ ਬੀਤਿਆ ਕੱਲ੍ਹ, ਉਸ ਕੌਮ ਦੇ ਅੱਜ ਦਾ ਆਧਾਰ ਬਣਦਾ ਹੈ। ਸਾਡਾ ਬੀਤਿਆ ਕੱਲ ਸਮੇਂ ਦੀ ਵਿਵਸਥਾ ਨੇ ਇੱਕ ਤਰ੍ਹਾਂ ਨਾਲ ਮਿਟਾ ਹੀ ਛੱਡਿਆ ਸੀ। ਪਹਿਲਾਂ ਸਾਡਾ ਆਪਣਾ ਆਪ ਵੀ ਆਪਣਾ ਨਹੀਂ ਸੀ ਹੁੰਦਾ। ਸਾਡੇ ਦੋਖੀਆਂ ਪਾਸ ਗਿਰਵੀ ਹੁੰਦਾ ਸੀ। ਸਾਡੇ ਨਾਂ, ਕਿੱਦਾਂ ਦੇ ਹੋਣ, ਕੰਮ ਧੰਦੇ ਕੀ ਹੋਣ, ਅਸੀਂ ਕੀ ਖਾਈਏ, ਕੀ ਪਹਿਨੀਏਂ, ਕੀ ਕਰੀਏ, ਇਹ ਫੈਸਲੇ ਸਾਡੇ ਲਈ ਕੋਈ ਹੋਰ ਕਰਦਾ ਸੀ। ਇਹ ਕੋਈ ਹੋਰ ਸਾਡੇ ਆਪਣੇ ਹੀ ਦੇਸ਼ ਦੇ, ਆਪਣੇ ਆਪ ਨੂੰ ਸ਼੍ਰੇਸ਼ਠ ਉੱਤਮ ਕੁੱਲ ਕਹਾਉਣ ਵਾਲੇ ਲੋਕ ਸਨ ਜਿਹਨਾਂ ਨੇ ਜਨਮ ਜਾਤ, ਜਾਤਾਂ -ਪਾਤਾਂ ਅਤੇ ਊਚ ਨੀਚ ਪੈਦਾ ਕਰਨ ਦਾ ਕੁਕਰਮ ਕੀਤਾ, ਅਜਿਹਾ ਪਾਪ ਕੀਤਾ ਜਿਸ ਤਰ੍ਹਾਂ ਦਾ ਸਾਰੀ ਦੁਨੀਆਂ ਅੰਦਰ ਹੋਰ ਕਿਸੇ ਨੇ ਵੀ ਨਹੀਂ ਕੀਤਾ। ਆਪਣੇ ਸੌੜੇ ਸੁਆਰਥਾਂ ਅਤੇ ਚੌਧਰਾਂ ਖਾਤਰ, ਲੋਕ ਮਨਾਂ ਵਿੱਚ ਸਥਾਈ ਲੀਕਾਂ ਖਿੱਚ ਦਿੱਤੀਆਂ ਅਤੇ ਸ਼ੈਤਾਨੀਅਤ ਦੀ ਇੰਤਹਾ ਨੂੰ, ਧਰਮ ਦਾ ਨਾਂ ਦੇ ਦਿੱਤਾ। ਉੱਤੋਂ ਸਿਤਮ ਇਹ ਕਿ ਮਨੁੱਖਤਾ ਨਾਲ ਕੀਤੇ ਇਸ ਘੋਰ ਪਾਪ ਦਾ ਅੱਜ ਵੀ ਉਹਨਾਂ ਨੂੰ ਕੋਈ ਪਛਤਾਵਾ ਨਹੀਂ, ਕੋਈ ਰੰਜ ਨਹੀਂ, ਕੋਈ ਸ਼ਰਮ ਨਹੀਂ ਬਲਕਿ ਉਹ ਤਾਂ ਅੱਜ ਵੀ ''ਗਰਵ ਸੇ ਕਹੋ ਕਿ ਹਮ ਉਹੀ ਹੈਂ'' ਕਹਿਣ ਦੀ ਜੁਅਰਤ ਰੱਖਦੇ ਹਨ।

ਕਈ ਹੋਰ ਸੰਘਰਸ਼ਸ਼ੀਲ ਆਗੂਆਂ ਵਾਂਗ ਗੁਰੂ ਰਵਿਦਾਸ ਜੀ ਨੇ ਵੀ ਇਸ ਮਾਨਵ ਧ੍ਰੋਹੀ ਢਾਂਚੇ ਉੱਤੇ ਵਾਰ ਕੀਤੇ। ਸ਼ੈਤਾਨੀਅਤ ਦਾ ਹੱਥ, ਫੇਰ ਵੀ ਉੱਤੇ ਰਿਹਾ। ਕੀ ਕਹਿ ਸਕਦੇ ਹਾਂ ਕਿ ਸ਼ੈਤਾਨਾਂ ਨਾਲ ਮੱਥਾ ਲਾਉਣ ਵਾਲਿਆਂ ਤੇ ਕੀ ਬੀਤੀ। ਉਹਨਾਂ ਦਾ ਅੰਤ ਕਿਵੇਂ ਕੀਤਾ ਗਿਆ। ਇੱਕ ਪਾਸੇ, ਬੇਗ਼ਮਪੁਰੇ ਦਾ ਹੋਕਾ ਅਤੇ ਦੂਜੇ ਪਾਸੇ ਮਨੂੰਵਾਦ ਦੇ ਫਤਵੇ। ਵਿਚਾਰਧਾਰਾ ਅਤੇ ਸੋਚ ਦਾ ਸਿੱਧਾ ਟਕਰਾਅ। ਜਿਹੜਾ ਇਹ ਅਖੌਤੀ ਕੁਲੀਨਸ਼ਾਹੀ ਵਰਗ ਅੱਜ ਵੀ ਆਪਣੇ ਵਡੇਰਿਆਂ ਦੇ ਪਾਪਾਂ ਅਤੇ ਗੁਨਾਹਾਂ ਨੂੰ ਕਬੂਲਣ ਲਈ ਤਿਆਰ ਨਹੀਂ, ਕਬੂਲਣਾਂ ਤਾਂ ਕੀ, ਉਹਨਾਂ ਦੀਆਂ ਕਰਤੂਤਾਂ ਨੂੰ ਸਹੀ ਸਾਬਤ ਕਰਨ ਤੇ ਆਮਾਦਾ ਹੈ, ਉਹਨਾਂ ਨੇ ਸੈਂਕੜੇ ਸਾਲ ਪਹਿਲਾਂ, ਗੁਰੂ ਰਵਿਦਾਸ ਵਰਗੇ ਵਿਦ੍ਰੋਹੀਆਂ ਨਾਲ ਕੀ ਕੀਤਾ ਹੋਵੇਗਾ, ਇਹ ਕਿਆਸ ਕਰਨਾ ਔਖਾ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਤਸੀਹੇ, ਇਤਿਹਾਸ ਦੇ ਪੰਨਿਆਂ ਉਤੇ ਅੰਕਿਤ ਹਨ। ਵਿਅਕਤੀਗਤ ਆਗੂ ਤਾਂ ਕੀ, ਸ਼ੈਤਾਨੀ ਢਾਂਚੇ ਨੇ, ਬੁੱਧ ਧਰਮ ਵਰਗੇ ਮਾਨਵੀ ਧਰਮ ਹੜੱਪ ਲਏ ਅਤੇ ਡਕਾਰ ਵੀ ਨਹੀਂ ਮਾਰਿਆ।

ਅੱਜ, ਦੋਖੀ ਢਾਂਚੇ ਨੂੰ ਦਰਾਰਾਂ ਆਉਣ ਲੱਗੀਆਂ ਹਨ। ਇਹ ਡੋਲਣ ਲੱਗਾ ਹੈ। ਮਹਾਂਪੁਰਸ਼ਾਂ ਦੀ ਕੁਰਬਾਨੀ, ਰੰਗ ਲਿਆਉਣ ਲੱਗੀ ਹੈ ਪਰ ਢਾਂਚੇ ਦੇ ਰਖਵਾਲੇ ਆਪਣਾ ਹਠ, ਕਿਸੇ ਕੀਮਤ ਤੇ ਛੱਡਣ ਲਈ ਤਿਆਰ ਨਹੀਂ। ਦੇਸ਼ ਦੇ ਤਮਾਮ ਔਰਤ ਵਰਗ ਲਈ ਲਾਹੇਵੰਦ ਹਿੰਦੂ ਕੋਡ ਬਿੱਲ ਦਾ ਵਿਰੋਧ ਕਰਨ ਵਾਲੇ ਕੌਣ ਸਨ ? ਦੇਸ਼ ਦਾ ਸੰਵਿਧਾਨ, ਦੇਸ਼ ਦਾ ਧਰਮ ਹੁੰਦਾ ਹੈ। ਇਸ ਧਰਮ ਦੀ ਮਿੱਟੀ ਰੋਲਣ ਵਾਲੇ ਕੌਣ ਹਨ? ਅਜ਼ਾਦੀ ਨਿਹਮਤ ਹੁੰਦੀ ਹੈ। ਪੁਰਾਣੇ ਲੋਕ ਕਹਿੰਦੇ ਹਨ ਕਿ ਇਸ ਨਾਲੋਂ ਤਾਂ ਅੰਗਰੇਜ਼ ਚੰਗੇ ਸਨ। ਕਿਉਂ ਕਹਿੰਦੇ ਹਨ ਏਦਾਂ? ਕਿਉਂਕਿ ਢਾਂਚੇ ਨੂੰ ਬਚਾਉਣ ਲਈ ਇੱਕ ਵਾਰੀ ਫੇਰ ਲੋਕਾਂ ਤੋਂ ਐਜੂਕੇਸ਼ਨ ਖੋਹੀ ਜਾ ਰਹੀ ਹੈ, ਇਕ ਵਾਰੀ ਫੇਰ ਅੰਧ-ਵਿਸ਼ਵਾਸਾਂ ਵਾਲੇ ਸੀਰੀਅਲ ਚਲਾਏ ਜਾ ਰਹੇ ਹਨ, ਸੈਕਸ ਅਤੇ ਨਸ਼ੇ ਖਿਲਾਰੇ ਜਾ ਰਹੇ ਹਨ। ਬੇਰੁਜ਼ਗਾਰਾਂ

(ਬਾਕੀ ਸਫਾ 17 ਤੇ)

# ਸਮੁੱਚੀ ਦੁਨੀਆਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਸਕੱਤਰ ਅੰਬੇਡਕਰ ਸੈਨਾ ਪੰਜਾਬ, ਹਰਭਜਨ ਖਲਵਾੜਾ ਮੈਂਬਰ ਜ਼ਿਲ੍ਹਾਂ ਪ੍ਰੀਸ਼ਦ,ਰਾਮ ਮੂਰਤੀ ਖੇੜਾ ਤਹਿਸੀਲ ਪ੍ਰਧਾਨ, ਲੇਖਰਾਜ ਜਮਾਲਪੁਰ,ਚਰਨ ਦਾਸ ਜੱਸਲ,ਰਾਜਿੰਦਰ ਘੇੜਾ, ਗੁਰਜੀਤ ਪਾਲ ਵਾਲੀਆ,ਕਿਸ਼ਨ ਦਾਸ ਸਿੰਦੀ ਸਾਬਕਾ ਸਰਪੰਚ, ਸੀਤਾ ਕੌਲ,ਬਿੱਲਾ ਬੋਹਾਨੀ, ਤੀਰਥ ਭੁੱਲਾਰਾਈ, ਸੀਮਾ ਪ੍ਰਧਾਨ, ਐਡਵੋਕੇਟ ਐਸ. ਐਲ. ਵਿਰਦੀ, ਜਸਵਿੰਦਰ ਸਿੰਘ ਭਗਤਪੁਰਾ, ਸ਼੍ਰੀਮਤੀ ਸਰਬਜੀਤ ਕੌਰ, ਸ਼੍ਰੀਮਤੀ ਰਚਨਾ ਦੇਵੀ, ਕਾਲਾ ਪ੍ਰਭਾਕਰ ਸ਼ਹਿਰੀ ਪ੍ਰਧਾਨ ਬਸਪਾ,ਅਮਰਜੀਤ ਖੁੱਤਨ,ਕਲਵਿੰਦਰ ਕੈਂਥ,ਇਲਾਵਾ ਲੱਖਾਂ ਦੀ ਗਿਣਤੀ 'ਚ ਸੰਗਤਾਂ ਨੇ ਨਗਰ ਕੀਰਤਨ 'ਚ ਸ਼ਾਮਲ ਹੋ ਕੇ ਗੁਰੂ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਵਿਸ਼ਾਲ ਨਗਰ ਕੀਰਤਨ ਦਾ ਜਿੱਥੇ ਸਭ ਸੰਗਤਾਂ ਵਲੋਂ ਫੁੱਲਾਂ ਦੀ ਵਰਖਾਂ ਨਾਲ ਭਰਵਾਂ ਸਵਾਗਤ ਕੀਤਾ ਗਿਆ,ਉੱਥੇ ਹੀ ਸੰਗਤਾਂ ਲਈ ਵੱਖ ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ।

ਪ੍ਰਬੰਧਕ ਕਮੇਟੀ ਵਲੋਂ ਸ਼ੋਭਾ ਯਾਤਰਾ 'ਚ ਸ਼ਾਮਲ ਪ੍ਰਮੁੱਖ ਸਖਸ਼ੀਅਤਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਬੀਰ ਰਾਜਾ ਸੋਢੀ ਨੇ ਇਸ ਪਵਿੱਤਰ ਤੇ ਮਹਾਨ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਸਮੁੱਚੀ ਸੰਗਤ ਅਤੇ ਪ੍ਰਸ਼ਾਸਨ ਦਾ ਦਿਲ ਦੀਆ ਗਹਿਰਾਈਆਂ ਤੋਂ ਧੰਨਵਾਦ ਕੀਤਾ।ਪ੍ਰਸ਼ਾਸਨ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ।

# ਚੀਨੀ ਰਾਸ਼ਟਰਪਤੀ ਨੂੰ ਮਿਲੀ ਸੁਸ਼ਮਾ ਸਵਰਾਜ

ਬੀਜਿੰਗ- ਚੀਨ ਦੇ ਰਾਸ਼ਟਰਪਤੀ ਸ਼ੀ ਚਿਨਫਿੰਗ ਨੇ ਵਿਸ਼ੇਸ਼ ਗਰਮਜੋਸ਼ੀ ਅਤੇ ਦੋਸਤਾਨਾ ਰੂਪ ਦਿਖਾਉਂਦੇ ਹੋਏ ਅੱਜ ਗ੍ਰੇਟ



ਹਾਲ ਆਫ ਦਿ ਪੀਪਲ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਸਵਾਗਤ ਕੀਤਾ। ਆਪਣੇ ਭਾਰਤ ਦੌਰੇ ਦੀਆਂ ਯਾਦਾਂ ਸਾਂਝੇ ਕਰਦੇ ਹੋਏ ਸੁਸ਼ਮਾ ਨੇ ਕਿਹਾ, ''ਮੈਂ ਸਰਕਾਰ (ਭਾਰਤ ਸਰਕਾਰ) ਅਤੇ ਲੋਕਾਂ ਦੇ ਚੰਗੇ ਵਰਤਾਰੇ ਦੀਆਂ ਯਾਦਾਂ ਸੰਜੋਈਆਂ ਹੋਈਆਂ ਹਨ। ਵਿਸ਼ੇਸ਼ ਕਰਕੇ ਗੁਜਰਾਤ ਦੇ ਰਾਜ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗ੍ਰਹਿ ਨਗਰ ਦੇ ਦੌਰ ਦੀਆਂ ਯਾਦਾਂ ਹੁਣ ਵੀ ਮੇਰੇ ਮਨ ਵਿਚ ਤਾਜ਼ਾ ਹਨ।''

ਉਨ੍ਹਾਂ ਕਿਹਾ, ''ਪ੍ਰਧਾਨ ਮੰਤਰੀ ਦੌਰੇ ਦੌਰਾਨ (ਪਿਛਲੇ ਸਾਲ ਸਤੰਬਰ ਵਿਚ) ਮੇਰੇ ਨਾਲ ਸਨ। ਕ੍ਰਿਪਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਮੇਰੀਆਂ ਹਾਰਦਿਕ ਸ਼ੁੱਭ-ਕਾਮਨਾਵਾਂ ਭੇਟ ਕਰੋ। ਚੀਨੀ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦੀ ਭਾਰਤ ਯਾਤਰਾ ਦੇ ਬਾਅਦ ਦੋਨਾਂ ਦੇਸ਼ਾਂ ਦੇ ਰਿਸ਼ਤਿਆਂ ਨੇ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕੀਤਾ ਹੈ ਅਤੇ ਸਕਾਰਾਤਮਕ ਪੱਖ ਇਹ ਹੈ ਕਿ ਚੀਨ ਅਤੇ ਭਾਰਤ ਦੇ ਰਿਸ਼ਤੇ ਅੱਗੇ ਵਧ ਰਹੇ ਹਨ।

ਸੁਸ਼ਮਾ ਨੇ ਵੀ ਰੂਸੀ ਹਮਅਹੁਦਾ ਲਾਵਰੋਵ ਨਾਲ ਵਾਰਤਾ ਕੀਤੀ : ਰੂਸ, ਭਾਰਤ, ਚੀਨ ਦੇ ਵਿਦੇਸ਼ ਮੰਤਰੀਆਂ ਦੀ ਅੱਜ ਹੋਣ ਵਾਲੀ ਬੈਠਕ ਵਿਚ ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਆਪਣੀ ਰੂਸੀ ਹਮਅਹੁਦਾ ਸੇਗੇਈ ਲਾਵਰੋਵ ਨਾਲ ਮੁਲਾਕਾਤ ਕੀਤੀ।

ਅਧਿਕਾਰੀਆਂ ਨੇ ਦੱਸਿਆ ਕਿ ਇਕ ਘੰਟੇ ਤੋਂ ਜ਼ਿਆਦਾ ਦੀ ਵਾਰਤਾ ਵਿਚ ਦੋਨਾਂ ਦੇਸ਼ਾਂ ਦੇ ਵਿਚਾਲੇ ਦੋਸਤੀ ਅਤੇ ਹੋਰ ਮਜ਼ਬੂਤੀ ਕਰਨ ਦੇ ਯਤਨਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

# ਕੇਜਰੀਵਾਲ ਨੂੰ ਜਿਤਾ ਰਹੇ ਸਰਵੇਖਣਾਂ ਨੂੰ ਮੋਦੀ ਵੱਲੋਂ ਚੁਣੌਤੀ

ਐਲਾਨ ਕੀਤਾ ਹੈ ਜਿਨ੍ਹਾਂ ਸੀਟਾਂ 'ਤੇ ਉਨ੍ਹਾਂ ਦੇ ਉਮੀਦਵਾਰ ਚੋਣ ਮੈਦਾਨ ਵਿਚ ਨਹੀਂ ਹਨ। ਪ੍ਰਧਾਨ ਮੰਤਰੀ ਮੋਦੀ ਨੇ ਦੱਖਣੀ ਦਿੱਲੀ ਦੇ ਅੰਬੇਦਕਰ ਨਗਰ ਵਿੱਚ ਭਾਜਪਾ ਦੇ ਹੱਕ ਵਿੱਚ ਆਖਰੀ ਰੈਲੀ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਕਿਹਾ ਕਿ ਉਹ ਬਾਜ਼ਾਰੂ ਕਿਸਮ ਦੇ ਸਰਵੇਖਣਾਂ 'ਤੇ ਵਿਸ਼ਵਾਸ ਨਾ ਕਰਨ ਕਿਉਂਕਿ ਇਹ ਬੀਤੇ ਵਿੱਚ ਸਹੀ ਸਾਬਤ ਨਹੀਂ ਹੋਏ। ਉਨ੍ਹਾਂ ਕਿਹਾ ਕਿ ਭਾਜਪਾ ਦੇ ਹੱਕ ਵਿੱਚ ਸਪੱਸ਼ਟ ਫਤਵਾ ਦਿੱਤਾ ਜਾਵੇ। ਭਾਜਪਾ ਸਰਕਾਰ ਦਿੱਲੀ ਦਾ ਅਥਾਹ ਵਿਕਾਸ ਕਰੇਗੀ ਜਿਸ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। 'ਆਪ' ਵਿਰੁੱਧ ਅਸਿੱਧੇ ਤੌਰ 'ਤੇ ਹਮਲਾ ਕਰਦਿਆਂ ਕਿਹਾ ਕਿ ਆਪਣੇ ਆਪ ਨੂੰ ਈਮਾਨਦਾਰ ਦੱਸਣ ਵਾਲਿਆਂ ਦਾ ਭੇਤ ਸਭ ਦੇ ਸਾਹਮਣੇ ਖੁੱਲ੍ਹ ਚੁੱਕਾ ਹੈ। ਉਨ੍ਹਾਂ ਦੇ ਝੂਠੇ ਵਾਅਦੇ ਲੋਕਾਂ ਦੇ ਗਲੇ ਤੋਂ ਹੇਠਾਂ ਨਹੀਂ ਉਤਰ ਰਹੇ। ਇਸ ਕਰਕੇ ਜਨਤਾ ਧੋਖਾਦੇਣ ਵਾਲਿਆਂ ਨੂੰ ਕਦੇ ਮੁਆਫ ਨਹੀਂ ਕਰੇਗੀ। ਉਨਾਂ ਕਿਹਾ ਕਿ ਉਨਾਂ ਦੀ ਸਰਕਾਰ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਲੜ ਰਹੀ ਹੈ ਤੇ ਕੇਵਲ ਗੱਲਾਂ ਕਰਕੇ ਕੰਮ ਨਹੀਂ ਸਾਰ ਰਹੀ। ਸਾਰੇ ਸੌਦਿਆਂ ਤੇ ਹੋਰ ਮਾਮਲਿਆਂ ਵਿੱਚੋਂ ਵਿਚੋਲਿਆਂ ਨੂੰ ਖਤਮ ਕਰ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਰੋਧੀਆਂ ਨੂੰ ਇਸ ਕਰਕੇ ਪ੍ਰੇਸ਼ਾਨੀ ਹੁੰਦੀ ਹੈ ਕਿਉਂਕਿ ਗਰੀਬ ਘਰ ਦਾ ਵਿਅਕਤੀ ਪ੍ਰਧਾਨ ਮੰਤਰੀ ਬਣ ਗਿਆ ਹੈ।

ਉਨਾਂ ਕਿਹਾ ਕਿ ਵਿਰੋਧੀਆਂ ਨੂੰ ਇਹ ਗੱਲ ਵੀ ਹਜ਼ਮ ਨਹੀਂ ਹੋ ਰਹੀ ਸਰਕਾਰ ਵਿਸ਼ੇਸ਼ ਜਾਂਚ ਟੀਮ ਬਣਾ ਕੇ 1984 ਦੇ ਦੰਗਿਆਂ ਦੀ ਜਾਂਚ ਕਰਵਾਉਣਾ ਚਾਹੁੰਦੀ ਹੈ ਤੇ ਇਸ ਮੁੱਦੇ ਨੂੰ ਚੋਣਾਂ ਵਿਚ ਲਾਹਾ ਲੈਣ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਜਨਤਾ ਦੀ ਭਲਾਈ ਕਰਨਾ ਚਾਹੁੰਦੀ ਹੈ ਤੇ ਕਰਦੀ ਰਹੇਗੀ। ਭਾਜਪਾ ਦੀ ਮੁੱਖ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਕਿਰਨ ਬੇਦੀ ਨੇ ਵੀ 'ਆਪ' ਦੇ ਆਗੂ ਕੇਜਰੀਵਾਲ ਵਿਰੁੱਧ ਹਮਲਾ ਕਰਦਿਆਂ ਉਸ ਨੂੰ ਝੂਠਾ ਤੇ ਲਾਰੇਬਾਜ਼ ਦੱਸਿਆ। ਉਨ੍ਹਾਂ ਨੇ ਵਿਕਾਸ ਲਈ ਭਾਜਪਾ ਦੇ ਹੱਕ ਵਿੱਚ ਫਤਵਾ ਦੇਣ ਦੀ ਮੰਗ ਕੀਤੀ। ਕੇਂਦਰੀ ਮੰਤਰੀ ਵੈਂਕਈਆ ਨਾਇਡੂ ਨੇ ਕਿਹਾ ਕਿ ਦਿੱਲੀ ਚੋਣਾਂ ਦੇ ਨਤੀਜੇ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਤੇ ਰਾਇਸ਼ੁਮਾਰੀ ਨਹੀਂ ਹੋਣਗੇ। ਉਨ੍ਹਾਂ ਦੇ ਇਸ ਬਿਆਨ ਨੂੰ ਲੈ ਕੇ ਰਾਜਨੀਤਕ ਹਲਕਿਆਂ ਵਿੱਚ ਜ਼ੋਰਦਾਰ ਚਰਚਾ ਛਿੜ ਗਈ ਹੈ।

# ਓਬਾਮਾ ਦਾ ਬਿਆਨ ਮੰਦਭਾਗਾ: ਰਾਜਨਾਥ

ਬੰਗਲੌਰ- ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਹਾਲ ਹੀ 'ਚ ਭਾਰਤ ਯਾਤਰਾ ਦੌਰਾਨ ਧਾਰਮਿਕ ਸੁਤੰਤਰਤਾ ਦੇ ਸੰਬੰਧ 'ਚ ਦਿੱਤੇ ਗਏ ਉਨ੍ਹਾਂ ਦੇ ਬਿਆਨ ਨੂੰ ਅੱਜ ਮੰਦਭਾਗਾ ਕਰਾਰ ਦਿੱਤਾ ਹੈ।



ਸਿੰਘ ਨੇ ਕਿਹਾ ਕਿ ਭਾਰਤ 'ਚ ਘਰ ਵਾਪਸੀ ਵਰਗੇ ਪ੍ਰੋਗਰਾਮਾਂ ਲਈ ਕੋਈ ਥਾਂ ਨਹੀਂ ਹੈ। ਓਬਾਮਾ ਨੇ ਬੀਤੇ ਹਫਤੇ ਸਿਰੀ ਫੋਰਟ 'ਚ ਧਾਰਮਿਕ ਸੁਤੰਤਰਤਾ ਦੀ ਮਹੱਤਾ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਸੀ ਕਿ ਧਾਰਮਿਕ ਆਧਾਰ 'ਤੇ ਵੰਡਿਆ ਭਾਰਤ ਵਿਕਾਸ ਨਹੀਂ ਕਰ ਸਕੇਗਾ। ਇਸ ਬਿਆਨ ਨੂੰ ਭਾਰਤ ਨੂੰ ਦਿੱਤੀ ਗਈ ਇਕ ਨਸੀਹਤ ਵਾਂਗ ਮੰਨਿਆ ਗਿਆ। ਗ੍ਰਹਿ ਮੰਤਰੀ ਨੇ ਅਮਰੀਕੀ ਰਾਸ਼ਟਰਪਤੀ ਦੇ ਇਸ ਬਿਆਨ ਨੂੰ ਕਾਫੀ ਮੰਦਭਾਗਾ ਦੱਸਿਆ ਹੈ।

# ਚਾਰਿ ਵਰਨ ਪਏ ਪਗਿ ਆਇ

ਦੀ ਫੌਜ, ਹਿੰਸਾ ਨਹੀਂ ਕਰੇਗੀ ਤਾਂ ਹੋਰ ਕੀ ਕਰੇਗੀ। ਰਾਹ ਦੱਸਿਆ ਨਹੀਂ, ਰਾਹ ਦਿਸਦਾ ਨਹੀਂ, ਕੁਰਾਹੇ ਹੀ ਤਾਂ ਪਵੇਗੀ। ਆਮ ਲੋਕਾਂ ਦੇ ਦੁੱਖ ਜਿਵੇਂ ਕਿਸੇ ਦੇ ਏਜੰਡੇ ਤੇ ਹੀ ਨਹੀਂ। ਧਰਮ ਦਾ ਅਰਥ, ਵੰਡ ਛਕਣਾ, ਕਿਰਤ ਕਰਨਾ ਨਹੀਂ ਰਿਹਾ, ਆਪੂੰ ਛਕਣਾ ਅਤੇ ਮਸਤੀਆਂ ਮਾਰਨੀਆਂ ਹੋ ਗਿਆ ਹੈ। ਨਾਮ ਲੈ ਲਿਆ, ਗੁਰੂ ਧਾਰ ਲਿਆ, ਮੰਤਰ ਜਪ ਲਿਆ, ਬੱਸ ਪਾਰ ਉਤਾਰਾ ਹੋ ਗਿਆ। ਅੱਜ ਦਾ ਅਖੌਤੀ ਧਰਮਕਰਮ ਵੀ , ਭਾਈ ਲਾਲੋ ਦੀ ਬਨਿਸਬਤ, ਮਲਿਕ ਭਾਗੋ ਦਾ ਹੋ ਗਿਆ ਹੈ। ਭੀੜਾਂ ਹਨ, ਨੱਠ ਭੱਜ ਹੈ, ਅਫਰਾ ਤਫਰੀ ਹੈ, ਮਨ ਦਾ ਠਹਿਰਾਵ ਨਹੀਂ, ਚਿੰਤਨ ਦੀ ਵਿਹਲ ਨਹੀਂ। ਹਰ ਖੇਤਰ ਵਿੱਚ, ਹਰ ਪੱਧਰ 'ਤੇ ਦਿਖਾਵਾ ਹੀ ਸਿਰ ਚੜ੍ਹ ਕੇ ਬੋਲ ਰਿਹਾ ਹੈ। ਆਪਸੀ ਸੰਵਾਦ ਨਹੀਂ ਰਿਹਾ ਜਿਸ ਕਾਰਨ ਪਰਿਵਾਰਕ ਜੀਆਂ ਤੱਕ ਵੀ ਇੱਕ ਦੂਜੇ ਨਾਲ ਓਪਰੇ ਓਪਰੇ ਹੋਣ ਲੱਗੇ ਹਨ। ਇਹ ਸੱਚੀਆਂ ਸੱਚੀਆਂ ਗੁਰੂ ਰਵਿਦਾਸ ਜੀ ਦੇ ਸੱਚ ਦੇ ਐਨ ਵਿਰੋਧ ਵਿੱਚ ਖੜ੍ਹੀਆਂ ਹਨ।

ਗੁਰੂ ਰਵਿਦਾਸ ਜੀ ਦੀ ਕੀ ਸਿੱਖਿਆ ਹੈ ? ਮਨੁੱਖਾ ਜੂਨ, ਦੁਰਲੱਭ ਹੈ। ਇਹ ਜੂਨ, ਸਭ ਜੂਨਾਂ ਦੀ ਸਰਦਾਰੀ ਹੈ। ਜੇ ਇਸ ਜੂਨ ਵਿੱਚ ਵੀ ਵਿਵੇਕ ਬੁੱਧੀ ਦੀ ਵਰਤੋਂ ਨਾ ਕੀਤੀ ਤਾਂ ਮਨੁੱਖਾ ਜੂਨ, ਦੁਰਲੱਭ ਤਾਂ ਰਹੀ ਹੀ ਨਾ। ਕਈ ਅਰਥਾਂ ਵਿੱਚ ਅੱਜ ਦਾ ਮਨੁੱਖ, ਮਾੜੀ ਤੋਂ ਮਾੜੀ ਜੂਨ ਤੋਂ ਵੀ ਗਿਆ ਗੁਜ਼ਰਿਆ ਹੋ ਗਿਆ ਹੈ। ਦੁਨੀਆਂ ਅੰਦਰ ਪਾਇਆ ਜਾ ਰਿਹਾ ਸਾਰਾ ਕਲੇਸ਼ਖਾਨਾ ਮਨੁੱਖ ਦਾ ਆਪਣਾ ਸਹੇੜਿਆ ਹੋਇਆ ਹੈ। ਦੁਰਲੱਭ ਜਨਮ, ਭੰਗ ਦੇ ਭਾੜੇ ਜਾ ਰਿਹਾ ਹੈ।

ਅੱਜ ਮਨੁੱਖ, ਸੱਚੀ ਸੁੱਚੀ ਗੱਲ ਸੁਣਨਾ ਨਹੀਂ ਚਾਹੁੰਦਾ, ਬੁਰਾਈਆਂ ਵਿੱਚੋਂ ਸੁੱਖ ਭਾਲਦਾ ਹੈ, ਸ਼ੈਤਾਨੀ ਕੰਮਾਂ ਨੂੰ ਪਹਿਲ ਦਿੰਦਾ ਹੈ। ਸੰਤਾਨ, ਮਾਪਿਆਂ ਦਾ ਉਪਦੇਸ਼ ਨਹੀਂ ਸੁਣਨਾ ਚਾਹੁੰਦੀ, ਵਿਦਿਆਰਥੀ, ਟੀਚਰਾਂ ਨੂੰ ਟਿੱਚ ਸਮਝਦਾ ਹੈ।

ਗੁਰੂ ਜੀ ਲੋਕਤੰਤਰਿਕ ਸਮਾਜਵਾਦ ਦੇ ਹਾਮੀ ਸਨ ਅਤੇ ਅੱਜ ਦੇਸ਼ ਦਾ ਲੋਕਤੰਤਰ, ਗਰਕਣ ਦੀ ਕਗਾਰ ਤੇ ਖੜ੍ਹਾ ਹੈ। ਆਮ ਲੋਕਾਂ ਦੀ ਹਰ ਪੱਧਰ ਤੇ ਬਰਾਬਰ ਹਿੱਸੇਦਾਰੀ ਨੂੰ ਲੋਕਤੰਤਰ ਕਿਹਾ ਜਾਂਦਾ ਹੈ। ਕਿਸੇ ਵੀ ਪ੍ਰਕਾਰ ਦਾ ਸ਼ੋਸ਼ਣ, ਲੋਕਤੰਤਰ ਵਿਰੋਧੀ ਕਰਮ ਹੈ। ਅੱਜ ਸੋਸ਼ਣ ਦਾ ਹੀ ਦੂਜਾ ਨਾਂ ਖੁਸ਼ਹਾਲੀ, ਜਾਂ ਅਮੀਰੀ ਹੋ ਗਿਆ ਹੈ। ਅਮਲ ਵਿੱਚ ਅਸੀਂ ਲਾਠੀਤੰਤਰ ਵੱਲ ਵਧ ਰਹੇ ਹਾਂ।

ਗੁਰੂ ਜੀ ਦਾ ਮਿਸ਼ਨ, ਏਕਤਾ ਸਮਾਨਤਾ, ਭਾਈਚਾਰੇ ਦਾ ਮਿਸ਼ਨ ਹੈ। ਨਿਆਂ ਅਤੇ ਪ੍ਰੇਮ ਪਿਆਰ ਦਾ ਮਿਸ਼ਨ ਹੈ। ਗੁਰੂ ਜੀ ਉਦਾਹਰਣ ਦਿੰਦੇ ਹਨ ਕਿ ਏਕਾ, ਬਰਾਬਰੀ, ਭਾਈਚਾਰਾ ਪ੍ਰੇਮ ਭਾਵ ਜੇ ਹੋਵੇ ਤਾਂ ਹੋਵੇ, ਸ਼ਹਿਦ ਦੀਆਂ ਮੱਖੀਆਂ ਵਰਗਾ ਜੋ ਆਪਣੇ ਸਨਮਾਨ ਲਈ, ਮਰ ਮਿਟਦੀਆਂ ਹਨ।

ਗੁਰੂ ਜੀ ਦਾ ਹੁਕਮ ਹੈ ਕਿ ਅਗਿਆਨਤਾ, ਸਭ ਦੁੱਖਾਂ ਦੀ ਜਣਨੀ ਹੈ। ਅਗਿਆਨ ਵੱਸ ਹੀ ਅਸੀਂ ਸੱਚ ਨੂੰ ਝੂਠ, ਝੂਠ ਨੂੰ ਸੱਚ ਮੰਨੀ ਬੈਠੇ ਹਾਂ। ਨੱਠ ਭੱਜ, ਸੁੱਖ ਲਈ ਕਰਦੇ ਹਾਂ, ਦੁੱਖ ਵਿੱਚ ਉਲਝਦੇ ਜਾਂਦੇ ਹਾਂ। ਅਗਿਆਨਤਾ, ਹਨੇਰਾ ਹੈ, ਅਗਿਆਨਤਾ ਸਰਾਪ ਹੈ। ਅਗਿਆਨਤਾ ਵੱਸ, ਅਟੱਲ ਮੌਤ ਨੂੰ ਭੁੱਲ ਬੈਠੇ ਹਾਂ।

ਗੁਲਾਮੀ, ਲਾਹਨਤ ਹੈ, ਗੁਲਾਮ ਤਾਂ ਜੇਹਾ ਹੋਇਆ, ਜੇਹਾ ਨਾ ਹੋਇਆ। ਜਿਸਦਾ ਆਪਣਾ ਆਪ ਹੀ ਆਪਣਾ ਨਹੀਂ, ਉਸਨੇ ਹੋਰ ਕੀ ਕਰਨਾ ? ਜੇ ਸਾਡੀ ਸੋਚ ਅੱਜ ਵੀ ਸੁਤੰਤਰ ਨਹੀਂ ਤਾਂ ਅਸੀਂ ਜ਼ਹਿਨੀ ਤੌਰ 'ਤੇ ਅੱਜ ਵੀ ਗੁਲਾਮ ਹਾਂ। ਗੁਲਾਮੀ ਤੋਂ ਮੁਕਤੀ ਖਾਤਰ ਹੀ ਬਾਬਾਸਾਹਬ ਨੇ ਸਾਨੂੰ ਸਾਡੀ ਅਲੱਗ ਹਸਤੀ ਤੋਂ ਜਾਣੂ ਕਰਵਾਇਆ, ਸਾਨੂੰ ਇੱਕ ਪਛਾਣ ਦਿੱਤੀ ਅਤੇ ਅੱਜ ਅਸੀਂ ਫਿਰ, ਸ੍ਰੀ ਗੁਰੂ ਰਵਿਦਾਸ ਜੀ ਦੁਆਰਾ ਦਰਸਾਈ ਗਈ ਇਸ ਦੇਸ਼ ਦੇ ਮਾਲਕ ਹੋਣ ਦੀ ਸੱਚਾਈ ਨੂੰ ਸਮਝ ਨਹੀਂ ਰਹੇ।

ਵਰਣ ਵਿਵਸਥਾ, ਜਾਤਪਾਤ, ਛੁਆਛਾਤ, ਜਨਮ ਤੋਂ ਹੀ ਉਚ ਨੀਚ ਦਾ ਨਿਰਧਾਰਣ, ਘੋਰ ਅਪ੍ਰਾਧ ਹੈ ਅਤੇ ਭਾਰਤ ਵਿੱਚ ਅਜੇਹਾ ਅਪ੍ਰਾਧ ਕਰਨ ਵਾਲੇ, ਧਰਮ ਦੇ ਠੇਕੇਦਾਰ ਅਖਵਾਏ। ਜੇ ਬਾਬਾਸਾਹਬ ਵਰਗੇ ਵਿਦਵਾਨ ਨਾਲ ਜਾਤਪਾਤ ਦੀ ਨਫਰਤ ਪੈਦਾ ਕਰਨ ਵਾਲਿਆਂ ਨੇ ਅੱਜ ਵੀ ਵਫਾ ਨਹੀਂ ਕੀਤੀ ਤਾਂ ਸੈਂਕੜੇ ਸਾਲ ਪਹਿਲਾਂ ਗੁਰੂ ਜੀ ਨੂੰ ਪ੍ਰੇਸ਼ਾਨ ਕਰਨ ਲਈ ਸਾਰੇ ਸੰਭਵ ਯਤਨ ਕਿਉਂ ਨਾ ਕੀਤੇ ਗਏ ਹੋਣਗੇ।

ਆਪਣੇ ਹੱਥੀਂ ਕੰਮ ਕਾਰ ਨਾ ਕਰਨਾ ਅਤੇ ਐਸ਼ੋਆਰਾਮ ਦੀ ਜ਼ਿੰਦਗੀ ਲੋਚਣਾ, ਕਿਸੇ ਤਰ੍ਹਾਂ ਵੀ ਵਾਜਬ ਨਹੀਂ। ਵਿਹਲਾ ਮਨੁੱਖ ਧਰਤੀ ਦਾ ਭਾਰ ਹੈ ਜੋ ਇੱਕ ਤਰ੍ਹਾਂ ਨਾਲ, ਹੱਕ ਪਰਾਇਆ ਖਾਂਦਾ ਹੈ। ਜੋ ਪਰਾਇਆ ਹੱਕ ਖਾਂਦਾ ਹੈ, ਉਸਨੂੰ ਕਿਤੇ ਢੋਈ ਨਹੀਂ। ਤੁਹਾਡੇ ਕੰਮ, ਤੁਹਾਡਾ ਜੀਵਨ ਹੈ, ਤੁਹਾਡਾ ਧਰਮ ਹੈ। ਚੰਗੇ ਕੰਮ ਉਹ ਜੋ ਤੁਹਾਡੇ ਸਮੇਤ, ਸਭ ਦੇ ਹਿੱਤ ਵਿੱਚ ਹੋਣ।

ਗੁਰੂ ਰਵਿਦਾਸ ਉਪਦੇਸ਼ਾਂ ਵਿੱਚ, ਕਰਮਕਾਂਡਾਂ, ਵਹਿਮਾਂ ਭਰਮਾਂ, ਬਾਹਰੀ ਦਿਖਾਵਿਆਂ ਦਾ ਖੰਡਨ ਹੈ। ਜੇ ਗੁਰੂ ਜੀ ਨੂੰ ਪ੍ਰਚਾਰਨ ਵਾਲੇ ਜਾਂ ਮੰਨਣ ਵਾਲੇ ਹੀ ਇਹਨਾਂ ਅਲਾਮਤਾਂ ਦਾ ਸ਼ਿਕਾਰ ਹੋਣ ਤਾਂ ਗੁਰੂ ਦੇ ਨਾਮ ਨੂੰ, ਗੁਰੂ-ਉਪਦੇਸ਼ਾਂ ਨੂੰ ਵੱਟਾ ਲਾਉਣ ਵਾਲੀ ਗੱਲ ਹੈ, ਗੁਰੂ ਦੇ ਉਲਟ ਚੱਲਣ ਵਾਂਗ ਹੈ।

ਗੁਰੂ ਜੀ ਦਾ ਜੀਵਨ ਬਹਾਦਰਾਂ ਦਾ ਜੀਵਨ ਰਿਹਾ ਹੋਵੇਗਾ। ਝੂਠੀਆਂ ਇਨਸਾਨ-ਵਿਰੋਧੀ ਧਾਰਨਾਵਾਂ ਨੂੰ ਚੁਣੌਤੀ ਦੇਣ ਵਾਲਾ ਜੀਵਨ ਰਿਹਾ ਹੋਵੇਗਾ। ਭਲਾ ਪੁਰਖ, ਬੁਰਾਈ ਨੂੰ ਬਰਦ-ਾਸ਼ਤ ਨਹੀਂ ਕਰ ਸਕਦਾ ਅਤੇ ਬੁਰਾਈ ਨਾਲ ਮੱਥਾ ਲਾਉਣਾ, ਸੂਰਮਿਆਂ ਦਾ ਕੰਮ ਹੁੰਦਾ ਹੈ।

ਗੁਰੂ ਉਪਦੇਸ਼ਾਂ ਵਿੱਚ ਇਸਤਰੀ ਨੂੰ ਪੂਰਾ ਮਾਣ ਸਨਮਾਨ ਹੈ। ਕੋਈ ਵੀ ਇਸਤਰੀ ਨੂੰ ਕਿਵੇਂ ਨਿੰਦ ਸਕਦਾ ਹੈ ਜਦੋਂ ਕਿ ਹਰ ਕਿਸੇ ਦਾ ਵਜੂਦ, ਇਸਤਰੀ ਕਾਰਨ ਹੀ ਸੰਭਵ ਹੋ ਸਕਿਆ ਹੈ। ਇਸਤਰੀ, ਮੁੱਢਲੀ ਅਧਿਆਪਕਾ ਹੈ, ਉਹ ਰਿਸ਼ਤਿਆਂ ਨਾਤਿਆਂ ਦੀ ਨੀਂਹ ਹੈ, ਇਸਤਰੀਆਂ ਨਾਲ ਹੀ ਘਰ ਵਸਦੇ ਹਨ, ਸੰਸਾਰ ਵਸਦਾ ਹੈ। ਜਿਸ ਸਮਾਜ ਦੀ ਇਸਤਰੀ ਚੇਤੰਨ ਨਹੀਂ, ਉਸ ਸਮਾਜ ਦੀ ਤਰੱਕੀ ਨਹੀਂ ਹੋ ਸਕਦੀ। ਅਸੀਂ ਕਿੰਨਾ ਕੁ ਗੁਰੂ ਵਾਲੇ ਹਾਂ ਕਿ ਗੁਰੂ-ਸਿੱਖਿਆ ਦੇ ਉਲਟ, ਆਪਣੀਆਂ ਧੀਆਂ ਭੈਣਾਂ, ਮਾਵਾਂ ਨੂੰ ਝਿੜਕਾਂ ਖਾਣ ਲਈ ਖੇਤਾਂ ਵਾਂਗੀਂ ਤੋਰ ਦਿੰਦੇ ਹਾਂ।

ਗੁਰੂ ਜੀ ਦੀ ਸਿੱਖਿਆ, ਵਿਕਾਰਾਂ ਦਾ ਤਿਆਗ ਜੀਵ ਹੱਤਿਆ ਤੋਂ ਗੁਰੇਜ਼, ਨਸ਼ਿਆਂ ਤੋਂ ਪਰ੍ਹੇ ਰਹਿਣ ਦੀ ਹੈ। ਭਗਵਾਨ ਬੁੱਧ ਦੁਆਰਾ ਕਰੀਬ 2600 ਵਰ੍ਹੇ ਪਹਿਲਾਂ ਦੱਸੇ ਪੰਚਸ਼ੀਲ ਵੀ ਇਸੇ ਪ੍ਰਕਾਰ ਦਾ ਉਪਦੇਸ਼ ਹੈ। ਬੁੱਧ ਦਾ ਦੱਸਿਆ ਅਸ਼ਟ ਮਾਰਗ ਵੀ ਦੁਨੀਆਂ ਨੂੰ ਬੇਗਮਪੁਰਾ ਬਣਾ ਸਕਦਾ ਹੈ।

ਬਾਬਾ ਸਾਹਿਬ ਅੰਬੇਡਕਰ ਜੀ ਦੁਆਰਾ ਦੁਆਈਆਂ 22 ਪ੍ਰਤਿਗਿਆਵਾਂ ਵੀ, ਵਿਵਸਥਾ ਪ੍ਰੀਵਰਤਨ ਲਈ ਰਾਹ ਪੱਧਰਾ ਕਰਦੀਆਂ ਹਨ।

ਬਾਬਾ ਸਾਹਿਬ ਦੀਆਂ ਸੋਚਾਂ ਦਾ ਭਾਰਤੀ ਸੰਵਿਧਾਨ ਜੇ ਸਹੀ ਅਰਥਾਂ ਵਿੱਚ ਲਾਗੂ ਕੀਤਾ ਜਾਂਦਾ ਤਾਂ ਗੁਰੂ ਰਵਿਦਾਸ ਜੀ ਦੁਆਰਾ ਉਪਦੇਸ਼ਿਤ, ਸੁਤੰਤਰਤਾ ਸਮਾਨਤਾ ਅਤੇ ਭਾਈਚਾਰੇ ਵਾਲੇ ਸਮਾਜ ਦੀ ਰਚਨਾ ਅੱਜ ਏਥੇ ਵੀ ਦੇਖਣ ਨੂੰ ਮਿਲਦੀ।

ਅੱਜ ਦੇਸ਼ ਬਦੇਸ਼ਾਂ ਵਿੱਚ ਵਸਦੀ ਪੂਰੀ ਕੌਮ, ਗੁਰੂ-ਉਤਸਵ ਦੀਆਂ ਖੁਸ਼ੀਆਂ ਮਨਾ ਰਹੀ ਹੈ। ਭਾਵੇਂ ਬਾਅਦ ਵਿੱਚ ਹੀ ਸਹੀ, ਇਹ ਚਿੰਤਨ, ਇਹ ਮੰਥਨ ਜਰੂਰ ਕੀਤਾ ਜਾਵੇ ਕਿ ਅਸੀਂ ਜਿੱਥੇ ਸਾਂ ਕਿਤੇ ਉੱਥੇ ਹੀ ਤਾਂ ਨਹੀਂ ਰਹਿ ਗਏ, ਕੁਝ ਸਰਕੇ ਵੀ ਹਾਂ। ਕੀ ਸਾਲ ਵਿੱਚ ਇੱਕੋ ਵਾਰੀ ਲੱਖਾਂ ਕਰੋੜਾਂ ਦੇ ਲੰਗਰ ਲਾ ਦੇਣੇ, ਲੱਖਾਂ ਕਰੋੜਾਂ ਦੀ ਰੌਸ਼ਨੀ ਕਰ ਦੇਣੀ ਸਾਨੂੰ ਗੁਰੂ-ਆਸ਼ੇ ਦੇ ਨੇੜੇ ਤੇੜੇ ਪੁੱਜਣ ਵਿੱਚ ਸਹਾਈ ਹੁੰਦੀ ਹੈ?

ਸਾਡੀ ਹਰ ਸਰਗਰਮੀ, ਹਰ ਆਯੋਜਨ, ਤਬ-ਦੀਲੀ-ਧਾਰਕ ਹੋਣਾ ਚਾਹੀਦੈ।

ਕੇਵਲ ਮੇਲੇ, ਉਹਨਾਂ ਕੌਮਾਂ ਨੂੰ ਹੀ ਸੋਭਦੇ ਹਨ ਜਿਹਨਾਂ ਦੀਆਂ ਵਿਸ਼ੇਸ਼ ਸਮੱਸਿਆਵਾਂ ਨਾ ਹੋਣ ਅਤੇ ਤੁਸੀਂ ਇਹ ਵੀ ਮੰਨੋਗੇ ਕਿ ਗੁਰੂ ਰਵਿਦਾਸ ਅਤੇ ਬਾਬਾਸਾਹਬ ਵਰਗੇ ਮਾਰਗਦਾਤਾ ਹੋਣ ਦੇ ਬਾਵਜੂਦ ਅਸੀਂ ਕਿਸੇ ਢੰਗ ਦੇ ਰਾਹ ਤੁਰ ਨਹੀਂ ਰਹੇ।

# 'ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ'

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦਿਆਂ, ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਹਨਾਂ ਦੀ ਬਾਣੀ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹੈ। ਉਹ ਭਗਤੀ ਲਹਿਰ ਦੇ ਸਿਰਮੌਰ ਭਗਤਾਂ ਵਿਚ ਸ਼ਾਮਲ ਸਨ। ਉਹਨਾਂ ਨੇ ਉਸ ਪਾਰਬ੍ਰਹਮ ਨੂੰ ਹੀ ਆਪਣਾ ਗੁਰੂ ਮੰਨਿਆ।

ਉਹਨਾਂ ਨੇ ਆਪਣੀ ਦਾਰਸ਼ਨਿਕਤਾ ਨਾਲ ਇਸ 'ਭਗਤੀ ਲਹਿਰ' ਨੂੰ 'ਲੋਕ ਲਹਿਰ' ਤੋਂ ਵੀ ਅੱਗੇ 'ਸ਼ਕਤੀ ਲਹਿਰ' ਵਿਚ ਬਦਲ ਦਿੱਤਾ। ਉਹ ਅਛੂਤ ਤੇ ਸ਼ੂਦਰ ਲੋਕ ਜਿਹਨਾਂ ਨੂੰ ਰੱਬ ਦੀ ਭਗਤੀ ਤੇ ਉਪਾਸਨਾ ਕਰਨ ਦਾ ਅਧਿਕਾਰ ਨਹੀਂ ਸੀ ਤੇ ਸਦੀਆਂ ਤੋਂ ਇਸ ਅਧਿਕਾਰ 'ਤੇ 'ਬ੍ਰਾਹਮਣਵਾਦ' ਦਾ ਏਕਾ ਅਧਿਕਾਰ ਸੀ, ਨੂੰ ਤੋੜ ਦਿੱਤਾ ਤੇ ਇਹ ਸਾਬਤ ਕਰ ਦਿੱਤਾ ਕਿ 'ਪ੍ਰੇਮਾ ਭਗਤੀ' ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ ਹੈ। ਜਗਿਆਸੂ ਭਾਵੇਂ ਕਿਸੇ ਵੀ ਜਾਤ ਵਿਚੋਂ ਹੋਵੇ, ਉਸ ਵਿਚ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉਚੇ ਤੋਂ ਉਚੇ ਸਨਮਾਨ ਵਾਲੀ ਪਦਵੀ ਤੇ ਆਪਣੇ 'ਸੁਤੰਤਰ ਚਿੰਤਨ' ਨਾਲ ਪਹੁੰਚ ਸਕਦਾ ਹੈ।

ਸਤਿਗੁਰੂ ਰਵਿਦਾਸ ਜੀ ਜਾਤ-ਪਾਤ ਦੇ ਛੂਤ-ਛਾਤ ਦਾ ਰੱਜ ਕੇ ਵਿਰੋਧ ਕਰਦੇ ਹਨ ਤੇ 'ਸਮਾਜਿਕ ਬਰਾਬਰੀ' ਦਾ ਹੱਕ ਲੈਣ ਲਈ ਬ੍ਰਾਹਮਣਵਾਦ ਤੇ ਹੋਰ ਜਾਤੀ ਅਭਿਮਾਨੀਆਂ ਨੂੰ ਲਲਕਾਰਦੇ ਹਨ। ਅੰਧ-ਵਿਸ਼ਵਾਸਾਂ, ਕਰਮ ਕਾਂਡਾਂ ਤੇ ਸਮਾਜਿਕ ਕੁਰੀਤੀਆਂ ਦਾ ਵੀ ਵਿਰੋਧ ਕਰਦੇ ਹਨ। ਮਾਨਵਤਾ ਨੂੰ ਉਸ ਪਾਰਬ੍ਰਹਮ ਦੀ ਪ੍ਰਾਪਤੀ ਲਈ 'ਸੁਤੰਤਰ ਚਿੰਤਨ' ਦਾ ਸਿਧਾਂਤ ਵੀ ਦਿੰਦੇ ਹਨ ਤੇ ਇਹ ਵੀ ਆਖਦੇ ਹਨ ਕਿ ਇਸ ਲਈ ਕਿਸੇ ਉਚ ਜਾਤੀ ਦੇ ਰਹਿਬਰ ਦੀ ਵਿਚੋਲਗੀ ਦੀ ਜ਼ਰੂਰਤ ਨਹੀਂ ਹੈ। ਉਹਨਾਂ ਦੇ ਜੀਵਨ ਨਾਲ ਕਈ ਕਰਾਮਾਤਾਂ ਵੀ ਜੁੜੀਆਂ ਹੋਈਆਂ ਹਨ, ਜਿਹਨਾਂ ਕਿ ਕੇਵਲ ਮਿੱਥਾਂ ਹੀ ਹਨ, ਜਿਨ੍ਹਾਂ ਨੂੰ ਅਜੋਕੇ ਵਿਗਿਆਨਕ ਯੁੱਗ ਵਿਚ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਇਹ ਕਰਾਮਾਤਾਂ ਸਿਰਫ ਉਹਨਾਂ ਦੇ ਸ਼ਰਧਾਲੂਆਂ ਦੀਆਂ ਹੀ ਜੋੜੀਆਂ ਹੋ ਸਕਦੀਆਂ ਹਨ, ਉਹਨਾਂ ਦਾ 'ਮਾਨਵਵਾਦ' 'ਬੇਗਮਪੁਰਾ ਦੇ ਸੰਕਲਪ' ਨਾਲ ਮਨੁੱਖ ਨੂੰ ਮਾਨਵਵਾਦ ਦਾ ਸੰਦੇਸ਼ ਦੇ ਕੇ, ਸਿਖਰਾਂ ਤੇ ਪਹੁੰਚ ਜਾਂਦਾ ਹੈ।

ਸਿੱਖ ਗੁਰੂ ਸਾਹਿਬਾਨ ਜੀ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਕੇ ਨਿਵਾਜਿਆ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ 'ਸ਼ਬਦ ਗੁਰੂ' ਦਾ ਰੁਤਬਾ ਦਿੱਤਾ। ਇਸ ਨਾਲ 'ਸਮਾਜਿਕ ਬਰਾਬਰੀ', 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਤੇ 'ਸਰਬੱਤ ਦਾ ਭਲਾ' ਜੋ ਗੁਰਮਤਿ ਦੇ 'ਕੌਮਾਂਤਰੀ ਸਿਧਾਂਤ' ਹਨ ਤੇ ਮੋਹਰ ਲੱਗਦੀ ਹੈ। ਇਸ ਤਰ੍ਹਾਂ 'ਗੁਰਮਤਿ ਦੇ ਸਿਧਾਂਤ' ਦੀਆਂ ਜੜ੍ਹਾਂ ਨੂੰ ਬੜੇ ਸਪਸ਼ਟ ਰੂਪ ਵਿਚ 'ਭਗਤੀ ਲਹਿਰ' ਵਿਚ ਦੇਖਿਆ ਜਾ ਸਕਦਾ ਹੈ। ਸਤਿਗੁਰੂ ਰਵਿਦਾਸ ਜੀ ਦੀਆਂ ਮਾਨਵਤਾ ਨੂੰ ਦਿੱਤੀਆਂ ਸਿੱਖਿਆਵਾਂ ਤੇ 'ਜੀਵਨ ਜਾਚ ਦੇ ਸਿਧਾਂਤ' ਸਦਾ ਮਾਨਵਤਾ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਉਹਨਾਂ ਦੇ 638ਵੇਂ ਜਨਮ ਦਿਨ ਤੇ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# Raja SWEETS & CATERING

AUTHORIZED CATERER FOR MAJOR 5-STAR HOTELS



**Raja Items Serving**

- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**

- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**

- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us

Raja Sweets & Catering

Work (510)489-9100 • Cell (510)715-1619

msbains@rajasweets.com • www.rajasweets.com

www.facebook.com/rajasweetsandcatering

www.twitter.com/RAJASWEETS



# INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



The Threading queen

threading & HEENA TATTOOS

We accept EBT cards

Call for appointment

(916) 297-0150, (916) 316-8199

Eyebrow Threading & Henna Tattoo (each hand) Only for $ 5.00

(Regular $ 8.00) Walk In Welcome Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511



# INDIA BAZAAR




Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES

EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

Email: indiabazaar08@yahoo.com

1304-E HAMMER LANE, Suite 12, STOCKTON CA, 95210



# TANDOOR

Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਫਰਵਰੀ, 2015
ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
8 ਫਰਵਰੀ, 2015
ਐਤਵਾਰ, ਸਵੇਰੇ 9.30 ਵਜੇ




ਕੀਰਤਨ ਦੀਵਾਨ
ਭੋਗ ਉਪਰੰਤ ਦੁਪਹਿਰ 2 ਵਜੇ ਤੱਕ
ਪ੍ਰਸਿੱਧ ਰਾਗੀ ਢਾਡੀ ਜਥੇ,
ਪ੍ਰਸਿੱਧ ਬੁਲਾਰੇ ਤੇ ਭਾਈਚਾਰੇ ਦੇ ਲੀਡਰ
ਆਪਣੇ ਵਿਚਾਰ ਰੱਖਣਗੇ

ਪਰਮ ਸਤਿਕਾਰਯੋਗ ਸਾਧ ਸੰਗਤ ਜੀਓ !

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਵਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੀਫੋਰਨੀਆ)ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਫਰਵਰੀ 8, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**We need volunteers to help with this event to prepare and serve Langar, keep Gurughar clean and organized, directing traffic/parking, kitchen and other sewa. Please contact Ramesh Suman, President at (925)366.3618, Som Nath Bhatia, Vice President at (408)499-0747 or Bibi Kulwant Kaur, Vice President at (925)698-3059. We need your help and support. Your contributions will be greatly appreciated.**

7 ਫਰਵਰੀ ਦਿਨ ਸ਼ਨੀਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਜਾਵੇਗੀ।
ਸੰਗਤ ਨੂੰ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੀ ਉਸਾਰੀ ਬਿਲਡਿੰਗ ਨੂੰ ਹੋਰ ਸੁੰਦਰ ਬਣਾਉਣ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਓ ਜੀ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਲੰਗਰ ਦੇ ਸਟਾਲ ਦੀ ਸੇਵਾ ਲਈ ਸੰਪਰਕ ਕਰੋ: ਦਿਲਬਾਗ ਸਿੰਘ (ਸਕੱਤਰ): 209-834-4641, ਅਭਿਸ਼ੇਕ ਪਾਲ (ਸਹਾਇਕ ਸਕੱਤਰ) : 925-695-4637





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) ਦੇ ਮੈਂਬਰ ਅਤੇ ਹੋਰ WWW.SriGuruRavidassTemple.com

## ਪ੍ਰਬੰਧਕ ਕਮੇਟੀ

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਖਜ਼ਾਨਚੀ |
|---|---|---|---|
| ਫਕੀਰ ਮਹਿਮੀ | ਰਮੇਸ਼ ਸੁੰਮਨ | ਦਿਲਬਾਗ ਸਿੰਘ | ਨਰਿੰਦਰ ਚਾਹਲ |

ਕਾਵਿ ਕਿਆਰੀ

ਪ੍ਰਿੰ: ਮਲੂਕ ਚੰਦ 'ਕਲੇਰ' ਨੇ 15 ਅਕਤੂਬਰ, 1954 ਨੂੰ ਪਿਤਾ ਸ੍ਰੀ ਜਗਤ ਰਾਮ ਦੇ ਘਰ ਮਾਤਾ ਸ੍ਰੀਮਤੀ ਈਸਰੀ ਦੀ ਕੁੱਖੋਂ ਪਿੰਡ ਸਰਹਾਲੀ (ਮੰਜ਼ਕੀ) ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਇਕ ਸਧਾਰਨ ਪਰ ਮਿਹਨਤਕਸ਼ ਪਰਿਵਾਰ ਵਿਚ ਅੱਖ ਖੋਲ੍ਹੀ। ਪ੍ਰਾਇਮਰੀ ਤੱਕ ਦੀ ਵਿੱਦਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਸਰਕਾਰੀ ਹਾਈ ਸਕੂਲ ਸਮਰਾਏ-ਜੰਡਿਆਲਾ (ਮੰਜ਼ਕੀ) ਜਲੰਧਰ ਤੋਂ ਪਾਸ ਕੀਤੀ।

ਗਿਆਨੀ, ਓ. ਟੀ. ਕਰਕੇ ਪੰਜਾਬੀ ਟੀਚਰ ਲੱਗ ਗਏ। ਆਪਣੀ ਪ੍ਰਾਈਵੇਟ ਤੌਰ ਤੇ ਪੜ੍ਹਾਈ ਵੀ ਜਾਰੀ ਰੱਖੀ। ਕਲੇਰ ਦੀ ਸ਼ਾਦੀ ਮਾਇਆ ਰਾਣੀ ਬਸਰਾ ਨਾਲ 10 ਅਕਤੂਬਰ 1979 ਨੂੰ ਹੋ ਗਈ। ਉਹਨਾਂ ਦੇ ਤਿੰਨ ਬੱਚੇ ਹਨ।

ਘਰੇਲੂ ਤੇ ਸਿੱਖਿਆ ਵਿਭਾਗ ਪੰਜਾਬ ਦੀਆਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਬੀ. ਏ., ਬੀ. ਐਡ ਤੇ ਐਮ. ਏ. ਪਾਸ ਕੀਤੀ। ਵਿਭਾਗੀ ਤਰੱਕੀ ਰਾਹੀਂ ਲੈਕਚਰਾਰ ਤੇ ਫਿਰ ਪ੍ਰਿੰਸੀਪਲ ਦੇ ਅਹੁਦੇ ਤੱਕ ਪਹੁੰਚੇ। ਆਪਣੇ ਬਿਤਾਏ 54 ਸਾਲ ਦਾ ਲੇਖਾ-ਜੋਖਾ ਸਵੈ-ਜੀਵਨੀ 'ਕੋਰੇ ਘੜੇ ਦਾ ਪਾਣੀ' ਪਲੇਠੀ ਪੁਸਤਕ ਵਿਚ ਕੀਤਾ। ਸਿੱਖਿਆ ਵਿਭਾਗ ਵਿਚ ਸ਼ਾਨਾਮੱਤੀ ਪ੍ਰਾਪਤੀਆਂ ਕਰਨ ਤੇ 15 ਅਗਸਤ 2008 ਨੂੰ ਆਜ਼ਾਦੀ ਦਿਵਸ 'ਤੇ ਮਾਣਯੋਗ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

ਸਾਲ 2008 ਵਿਚ ਸਵੈ-ਇਛਿਅਤ ਸੇਵਾ ਮੁਕਤ ਹੋ ਕੇ ਪਰਿਵਾਰ ਸਮੇਤ ਕੈਨੇਡਾ ਰਹਿ ਰਹੇ ਹਨ। ਇੱਥੇ ਆ ਕੇ ਰੇਡੀਓ ਇੰਡੀਆ ਵਿਚ ਬਤੌਰ ਰੇਡੀਓ ਹੋਸਟ ਸੇਵਾ ਨਿਭਾਈ। ਇਕ ਨਾਵਲ 'ਸੂਰਜ ਉੱਗ ਪਿਆ' 2012 ਵਿਚ ਪ੍ਰਕਾਸ਼ਿਤ ਹੋਇਆ। 'ਸੱਚ ਦੀ ਆਵਾਜ਼' ਪੰਜਾਬੀ ਅਖ਼ਬਾਰ ਵਿਚ 'ਮੇਰੀ ਵੀ ਸੁਣੋ' ਕਾਲਮ ਵੀ ਲਿਖਦੇ ਹਨ। ਸਾਹਿਤ ਸਭਾਵਾਂ ਵਿਚ ਵੀ ਸ਼ਾਮਲ ਹੁੰਦੇ ਹਨ। ਪੜ੍ਹਨ ਲਿਖਣ ਦਾ ਸ਼ੌਂਕ ਨਿਰੰਤਰ ਜਾਰੀ ਹੈ। ਪ੍ਰਿੰਸੀਪਲ ਮਲੂਕ ਚੰਦ 'ਕਲੇਰ' ਨੇ ਆਪਣੀ ਸਮੁੱਚੀ ਜ਼ਿੰਦਗੀ ਸੰਘਰਸ਼ਮਈ ਗੁਜ਼ਾਰੀ ਹੈ।

ਅਦਾਰਾ 'ਦੇਸ਼ ਦੁਆਬਾ' ਪ੍ਰਿੰ: ਕਲੇਰ ਬਾਰੇ ਜਾਣਕਾਰੀ ਲਿਖ ਕੇ ਪਾਠਕਾਂ ਦੇ ਰੂਬਰੂ ਕਰਾ ਕੇ ਮਾਣ ਮਹਿਸੂਸ ਕਰ ਰਿਹਾ ਹੈ।

**– ਸੰਪਾਦਕ**

# (ਸਵੈ ਜੀਵਨੀ) ਕੋਰੇ ਘੜੇ ਦਾ ਪਾਣੀ

**ਪ੍ਰਿੰਸੀਪਲ ਮਲੂਕ ਚੰਦ ਕਲੇਰ**
**ਪੰਨੇ: 159, ਮੁੱਲ : 150 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**

'ਸਵੈ-ਜੀਵਨੀ' ਉਹੀ ਸ਼ਖਸ ਲਿਖਦਾ ਹੈ, ਜਿਸ ਦੇ ਪੱਲੇ 'ਕੁਝ' ਹੋਵੇ। 'ਕੋਰੇ ਘੜੇ ਦਾ ਪਾਣੀ' ਕਲੇਰ ਹੁਰਾਂ ਦੀ ਬੇਸ਼ੱਕ ਪਲੇਠੀ ਪ੍ਰਕਾਸ਼ਿਤ ਪੁਸਤਕ ਹੈ ਪਰ ਇਸ ਨੂੰ ਸੰਗਿਆ ਸਹਿਜੇ ਹੀ 'ਸਿਖਰਲੀ' ਦੀ ਦਿੱਤੀ ਜਾ ਸਕਦੀ ਹੈ। ਫਰਸ਼ਾਂ ਤੋਂ ਅਰਸ਼ਾਂ 'ਤੇ ਪਹੁੰਚੇ ਇਸ ਸੰਘਰਸ਼ਸੀਲ ਇਨਸਾਨ 'ਤੇ ਇਹ ਸ਼ੇਅਰ ਪੂਰੀ ਤਰ੍ਹਾਂ ਢੁੱਕਦਾ ਹੈ:

ਰੰਗ ਲਾਤੀ ਹੈ ਹਿਨਾ ਪੱਥਰ ਪੇ ਪਿਸ ਜਾਨੇ ਕੇ ਬਾਦ।
ਸੁਰਖਰੂ ਹੋਤਾ ਹੈ ਇਨਸਾਨ ਠੋਕਰੇਂ ਖਾਨੇ ਕੇ ਬਾਦ।

ਉਮਰ ਦੇ ਪੱਖੋਂ 'ਕਲੇਰ' ਬੇਸ਼ੱਕ ਇੰਨਾ 'ਪੁਰਾਣਾ' ਨਹੀਂ ਪਰ ਪੁਰਾਤਨ ਪੇਂਡੂ ਸਭਿਆਚਾਰ ਦੇ ਚਿਤੇਰੇ ਦੇ ਰੂਪ ਵਿਚ ਹੈ- ਜੀਵਨ ਕਾਰ ਦੀ ਪ੍ਰੌਢਤਾ' ਸੱਚਮੁਚ ਹੀ ਕਾਇਲ ਕਰਦੀ ਹੈ। ਜ਼ਿੰਦਗੀ ਦੇ ਨਿਚੋੜ ਪੇਸ਼ ਕੀਤੇ ਗਏ ਹਨ। ਦਰਦ ਹੱਦ ਤੋਂ ਵੱਧ ਕੇ ਦਵਾ ਬਣ ਗਿਆ। ਲੇਖਕ ਅੰਦਰਲਾ ਸਿਦਕ ਤੇ ਸਿਰੜ ਹੀ ਉਸ ਦਾ ਜੀਵਨ ਸਾਥੀ ਬਣਿਆ ਰਿਹਾ।

ਪੁਸਤਕ ਨੂੰ ਨਿੱਕੇ-ਨਿੱਕੇ 41 ਕਾਂਡਾਂ ਵਿਚ ਵੰਡਿਆ ਗਿਆ ਹੈ। ਹਰ ਇਕ ਅਧਿਆਏ ਦਾ ਆਪਣਾ ਢੁੱਕਵਾਂ ਸਿਰਲੇਖ ਵੀ ਦਿੱਤਾ ਗਿਆ ਹੈ। ਜੀਵਨ ਦੇ 'ਨਿੱਜ ਤੇ ਪਰ' ਦੋਵੇਂ ਬੇਵਾਕ ਹੋ ਕੇ ਰੂਪਮਾਨ ਕੀਤੇ ਗਏ ਹਨ। 'ਕਲਮ ਦੇ ਪਹਿਰੇਦਾਰ' ਇਸ ਲੇਖਕ ਨੇ ਸੱਚ ਦੇ ਸਿਵੇ ਹੋਰ ਕੁਝ ਨਹੀਂ ਕਿਹਾ, ਸੋਚ ਤਾਂ ਇਹ ਹੈ ਕਿ ਇਹ ਸਵੈ-ਜੀਵਨੀ 'ਕੋਰੇ ਘੜੇ ਦਾ ਪਾਣੀ' ਵਰਗੀ ਠੰਡਕ, ਆਨੰਦ, ਸੁਆਦ ਤੇ ਸੁਆਦ ਦੇਣ ਵਾਲੀ ਹੈ। ਪ੍ਰੇਮ ਗੋਰਖੀ, ਪ੍ਰੋ. ਗੁਰਦਿਆਲ ਸਿੰਘ, ਸੰਤ ਸੰਧੂ ਅਤੇ ਪ੍ਰੋ: ਜੋਗਿੰਦਰ ਸਿੰਘ ਬੇਦੀ ਉਸ ਦੇ ਪ੍ਰੇਰਨਾ ਸਰੋਤ ਬਣੇ। ਆਪਣੀ ਧਰਮ ਪਤਨੀ ਮਾਇਆ ਰਾਣੀ 'ਬਸਰਾ' ਵੱਲੋਂ ਵੀ ਖਾਸ ਸਹਿਯੋਗ ਮਿਲਿਆ।



ਲੇਖਕ ਨੇ ਪੜ੍ਹਾਈ ਨਾਲੋਂ ਮਜ਼ਦੂਰੀ ਵੱਧ ਕੀਤੀ। ਉਸ ਨੂੰ ਤਾਂ ਬਾਲ ਮਜ਼ਦੂਰੀ ਦੇ ਤਸੀਹੇ ਵੀ ਝੱਲਣੇ ਪਏ। ਕਲੇਰ ਨੇ ਨੌਕਰੀ ਸੰਘਰਸ਼ ਨਾਲ ਹਾਸਲ ਕੀਤੀ, ਪਰ ਨੌਕਰੀ ਉਪਰੰਤ ਵੀ ਇਹ ਸੰਘਰਸ਼ ਅਤੇ ਪੜ੍ਹਾਈ ਜਾਰੀ ਰੱਖੇ।

ਕਮਾਲ ਦੀ ਯਾਦਾਸ਼ਤ ਵਾਲਾ ਇਹ ਲੇਖਕ ਇਤਿਹਾਸ ਦਾ ਅਧਿਆਪਕ ਰਿਹਾ ਹੈ। ਇਹੀ ਕਾਰਨ ਹੈ ਕਿ ਕਈ ਥਾਵਾਂ ਅਤੇ ਹੋਰ ਨੇੜਲੇ ਪਾਤਰਾਂ ਦਾ ਮਿਤੀ-ਬੱਧ ਤੇ ਤੱਥ-ਗਤ ਵਰਣਨ ਕੀਤਾ ਗਿਆ ਹੈ।

ਲੇਖਕ ਥਾਂ ਪੁਰ ਥਾਂ ਹਉਕੇ ਭਰਦਾ ਕਹਿ ਰਿਹਾ ਨਜ਼ਰ ਆਉਂਦਾ ਹੈ ਕਿ ਕਿਧਰ ਗਈਆਂ ਉਹ ਖਾਧ-ਖੁਰਾਕਾਂ, ਢਾਬਾ, ਬਾਜ਼ੀਗਰਾਂ ਦੀਆਂ ਬਾਜ਼ੀਆਂ ਤੇ ਛਿੰਝਾਂ? ਮੇਰੇ ਪਿੰਡ ਦੀ ਢਾਬ ਦਾ ਬਹੁਤ ਹੀ ਖ਼ੂਬਸੂਰਤ ਜ਼ਿਕਰ ਪੜ੍ਹਨ ਨੂੰ ਮਿਲਿਆ ਹੈ। 'ਚੌਕੀਦਾਰ' ਤਾਂ ਇਕ ਸੰਪੂਰਨ ਕਲਾਮਈ ਕਹਾਣੀ ਹੀ ਹੋ ਨਿੱਬੜੀ ਹੈ।

ਮਾਰਕਸਵਾਦੀ ਸੋਚ ਦੇ ਮਾਲਕ ਪ੍ਰਿੰ: ਕਲੇਰ ਨੇ 'ਕੋਰੇ ਘੜੇ ਦਾ ਪਾਣੀ' ਬੇਸ਼ੱਕ ਕੁਝ ਜ਼ਿਆਦਾ ਹੀ ਭਾਵੁਕ ਹੋ ਕੇ ਲਿਖੀ ਹੈ ਪਰ ਨਿੱਕੇ-ਨਿੱਕੇ ਵਾਕਾਂ ਨਾਲ ਉਸਾਰਿਆ ਗਿਆ ਹਰ ਕਾਂਡ ਚੜ੍ਹਦੇ ਤੋਂ ਚੜ੍ਹਦਾ ਹੈ।

ਵਾਰਤਕ ਦੇ ਵਹਾਅ ਦਾ ਕੋਈ ਅੰਤ ਨਹੀਂ। ਗੱਲ ਕੀ ਕਿਣਕਾ-ਕਿਣਕਾ ਜੁੜੀ ਜ਼ਿੰਦਗੀ ਨੂੰ ਸਾਰਥਕ ਸ਼ਬਦਾਂ ਦਾ ਜਾਮਾ ਪਹਿਨਾ ਕੇ ਢੰਗ ਨਾਲ ਪਰੋਸਿਆ ਗਿਆ ਹੈ, ਜਿਸ ਸਦਕਾ ਪੰਜਾਬੀ ਸਵੈ ਜੀਵਨੀ ਸਾਹਿਤ ਵਿਚ ਸ਼ਲਾਘਾਯੋਗ ਵਾਧਾ ਹੋਇਆ ਹੈ।

**– ਬਿਕਰਮਜੀਤ ਨੂਰ**

# ਅੱਜ ਭਾਗ ਸਵੱਲੜੇ ਜਦ ਹੋਵਣ



ਅੱਜ ਭਾਗ ਸਵੱਲੜੇ ਜਦ ਹੋਵਣ,
ਦਰਸਨ ਹੋਂਵਦੇ ਗੁਰਾਂ ਪਿਆਰਿਆਂ ਦੇ।
ਜਨਮਾਂ ਜਨਮਾਂ ਦੀ ਭੁੱਖ ਹੈ ਮਿਟ ਜਾਂਦੀ,
ਦਰਸਨ ਕਰਕੇ ਜੋ ਅਰਸੀ ਦਿਲਾਰਿਆਂ ਦੇ
ਮਹਿਮਾ ਗੁਰੂ ਦੀ ਬੜੀ ਬੇਅੰਤ ਹੈ ਜੀ,
ਨੂਰ ਗੁਰਾਂ ਦਾ ਵਿਚ ਗੁਰਦੁਆਰਿਆਂ ਦੇ।
ਦਰਸ਼ਨ ਵਾਸਤੇ ਆਸਮਾਨ ਝੁਕ ਜਾਂਦੇ, ਜ਼ਮੀਨ ਗੂੰਜਦੀ ਨਾਲ ਜੈ ਕਾਰਿਆਂ ਦੇ।
ਦਰਸ਼ਨ ਪਾਉਣ ਲਈ ਲੱਖਾਂ ਆਉਣ ਸੰਗਤਾਂ, ਢੋਲ ਵੱਜਦੇ ਨਾਲ ਨਗਾਰਿਆਂ ਦੇ।
ਧੰਨ ਧੰਨ ਹੈ ਗੁਰੂ ਜੀ ਦੀ ਦਾਤ ਬਖਸ਼ੋ, ਅਸੀਂ ਮੰਗਤੇ ਹਾਂ ਤੇਰੇ ਦਵਾਰਿਆਂ ਦੇ।
ਭਰ ਲਵੋ ਝੋਲੀਆਂ ਗੁਰਾਂ ਦੇ ਦਰ ਆ ਕੇ, ਉਹ ਬਣਦੇ ਆਸਰਾ ਬੇਸਹਾਰਿਆਂ ਦੇ।
ਇਕ ਨਜ਼ਰ ਨਾਲ ਨਿਹਾਲ ਕਰਦੇ, ਕਸ਼ਟ ਕੱਟਦੇ ਜੋ ਗੁਣਾਂ ਸਾਰਿਆਂ ਦੇ
ਹੱਥ ਜੋੜ ਕੇ ਲੱਖ ਪ੍ਰਣਾਮ ਕਰੀਏ, ਖੜ੍ਹੇ ਹੋ ਕੇ ਗੁਰਾਂ ਦੇ ਦਵਾਰਿਆਂ ਤੇ
ਮੂੰਹੋਂ ਮੰਗੀ ਮੁਰਾਦ ਜੋ ਹੋਏ ਪੂਰੀ, ਸੱਚੇ ਗੁਰੂ ਦੇ ਸੱਚੇ ਦਰਵਾਰ ਉਤੇ
ਹਨੇਰੇ ਦੂਰ ਹੋ ਗਏ, ਨੂਰੋ ਨੂਰ ਹੋਇਆ, ਮੇਰੇ ਗੁਰੂ ਜਿਹਾ ਨਹੀਂ ਸੰਸਾਰ ਉਤੇ।
ਚਾਰੋ ਦਿਸ਼ਾ ਦੇ ਵਿਚ ਮਸ਼ਹੂਰ ਹੋਇਆ, ਮੈਂ ਬਲਿਹਾਰ ਹਾਂ ਉਸਦੇ ਚਮਤਕਾਰ ਉਤੇ।
ਅਸੀਂ ਸਦੀਆਂ ਤੋਂ ਭਟਕਦੇ ਰਹਿ ਸਤਿਗੁਰ, ਹੋਵੇ ਸਹਿਮਤ ਨਾ ਤੇਰੇ ਵਿਚਾਰ ਉਤੇ।
ਅਸੀਂ ਭੁੱਲਣਹਾਰੇ, ਸਤਿਗੁਰ ਬਖਸ਼ਣਹਾਰਾ, ਵਾਰੇ ਜਾਈਏ ਗੁਰਾਂ ਦੇ ਪਿਆਰ ਉਤੇ।
ਹੁਣ ਸਾਨੂੰ ਵੀ ਗੁਰੂ ਜੀ ਦਿਓ ਦਰਸ਼ਨ, ਹੈਨ ਡੋਰੀਆਂ ਸੱਚੇ ਕਰਤਾਰ ਉਤੇ।
ਮੇਰੇ ਸਤਿਗੁਰੂ ਜੀ ਸਦਾ ਤੂੰ ਮਿਹਰ ਕਰਨੀ, 'ਬਿਹਾਰੀ ਲਾਲ' ਦੀ ਇਸ ਪੁਕਾਰ ਉਤੇ।

**–ਬਿਹਾਰੀ ਲਾਲ ਚਾਹਲ**

# ਲੋਕ ਗੀਤ ਛੱਲਾ ਕਿੱਦਾਂ ਬਣਿਆ

ਪੰਜਾਬੀ ਹਿੰਦੁਸਤਾਨੀ ਜਿੱਥੇ ਵੀ ਵੱਸਦੇ ਹਨ, ਪੰਜਾਬੀ ਲੋਕ ਗੀਤ ਯੁੱਗਾਂ ਤੱਕ ਚਲਦੇ ਆਏ ਹਨ ਤੇ ਚਲਦੇ ਰਹਿਣਗੇ। ਲੋਕ ਗੀਤ ਉਹਨਾਂ ਗੀਤਾਂ ਨੂੰ ਕਿਹਾ ਜਾਂਦਾ ਹੈ ਜੋ ਸਦਾ ਲਈ ਅਮਰ ਹੋ ਚੁੱਕੇ ਹਨ, ਜਿਹਨਾਂ ਵਿਚੋਂ ਇਕ ਅਮਰ ਗੀਤ ਹੈ 'ਛੱਲਾ'। ਇਸਨੂੰ ਅਸੀਂ ਸੁਣਦੇ ਤਾਂ ਸਾਰੇ ਹਾਂ ਪਰ ਇਹ ਬਣਿਆ ਕਿੱਦਾਂ ਸ਼ਾਇਦ ਸਾਨੂੰ ਤਾਂ ਕੀ ਤਕਰੀਬਨ ਸਾਰੇ ਗਾਇਕ ਹੀ ਇਸਨੂੰ ਗਾਉਂਦੇ ਹਨ। ਪਾਕਿਸਤਾਨ ਦੇ ਸ਼ੌਕਤ ਅਲੀ, ਭਾਰਤੀ ਪੰਜਾਬ ਦੇ ਗੁਰਦਾਸ ਮਾਨ ਵਰਗੇ ਵੱਡੇ ਵੱਡੇ ਫਨਕਾਰਾਂ ਨੇ ਇਹ ਗਾਇਆ ਅਤੇ ਗਾ ਰਹੇ ਹਨ। ਇਹਨਾਂ ਵਿਚੋਂ ਸ਼ਾਇਦ ਹੀ ਕਿਸੇ ਨੂੰ ਪਤਾ ਹੋਵੇਗਾ ਕਿ ਇਸਦਾ ਪਿਛੋਕੜ ਕੀ ਹੈ। ਮੈਂ ਵੀ ਬਚਪਨ ਤੋਂ ਸੁਣਦਾ ਆ ਰਿਹਾ ਹਾਂ। ਮੈਨੂੰ ਇਸਦਾ ਪਤਾ ਉਦੋਂ ਲੱਗਿਆ ਜਦੋਂ ਮੈਂ ਆਸ਼ਿਕ ਅਲੀ ਪਾਕਿਸਤਾਨੀ ਗਾਇਕ ਦੇ ਬੇਟੇ ਫਾਜ਼ਲ ਅਲੀ ਦੀ ਇਕ ਇੰਟਰਵਿਊ ਸੁਣੀ। ਫਾਜ਼ਲ ਅਲੀ ਆਪਣੇ ਪਿਤਾ ਆਸ਼ਿਕ ਅਲੀ ਦੀ ਪ੍ਰੰਪਰਾ ਨੂੰ ਕਾਇਮ ਰੱਖਦਾ ਹੋਇਆ ਭਾਰਤ ਦੇ ਪੰਜਾਬ ਦੇ ਲੋਕ ਗਾਇਕ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਵਾਂਗ ਲੋਕ ਗਾਥਾ ਹੀ ਗਾਉਂਦਾ ਹੈ। ਫਾਜ਼ਲ ਅਲੀ ਸੱਸੀ, ਸੋਹਣੀ, ਹੀਰ, ਜੱਗਾ, ਦੁੱਲਾ ਭੱਟੀ, ਸਾਹਿਬਾਂ ਸਮੇਤ ਕਰੀਬ ਸਾਰੇ ਹੀ ਪਹਿਲਾਂ ਸਟੋਰੀ ਦੱਸ ਕੇ ਫਿਰ ਗੀਤ ਰਾਹੀਂ ਰਸ ਭਰਦਾ ਹੈ।



**ਬਲਵੀਰ ਸਿੰਘ (ਬਿੱਲ ਕਾਲੇਕੇ) 916-971-4994**

ਕੁਲਦੀਪ ਮਾਣਕ ਵਾਂਗ ਲੱਚਰਤਾ ਤੋਂ ਕੋਹਾਂ ਦੂਰ ਗਾਇਕਾਂ ਵਾਲੀ ਪੁਸ਼ਾਕ ਪਾ ਕੇ ਜਦੋਂ ਬੰਨ੍ਹ ਕੇ ਗਾਉਂਦਾ ਹੈ, ਇਸ ਤਰ੍ਹਾਂ ਲੱਗਦਾ ਹੈ ਕਿ ਇਹੀ ਛੱਲਾ ਹੈ, ਦਿਲ ਕਰਦਾ ਹੈ ਕਿ ਮਾਣਕ ਵਾਂਗ ਇਸਨੂੰ ਸੁਣੀ ਜਾਈਏ। ਛੱਲੇ ਬਾਰੇ ਇਸ ਮਹਾਨ ਗਾਇਕ ਨੇ ਦੱਸਿਆ ਕਿ ਛੱਲਾ ਇਕ ਮੁੰਡੇ ਦਾ ਨਾਂ ਸੀ। ਛੱਲੇ ਦਾ ਪਿਤਾ ਜੱਲਾ ਮਲਾਹ ਜੋ ਕਿ ਹਰੀਕੇ ਪੱਤਣ ਜੋ ਕਿ ਪੰਜਾਬ ਵਿਚ ਹੈ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲਾਗੇ ਹੈ, ਇੱਥੇ ਬੇੜੀ ਚਲਾਇਆ ਕਰਦਾ ਸੀ। ਹਰੀਕੇ ਪੱਤਣ ਦਰਿਆ ਪਾਰ ਕਰਨ ਵਾਸਤੇ ਜੋ ਸਵਾਰੀਆਂ ਆਉਂਦੀਆਂ ਇਹਨਾਂ ਨੂੰ ਪਾਰ ਕਰਨ ਦਾ ਕੰਮ ਕਰਦਾ ਸੀ। ਸਵਾਰੀਆਂ ਤੋਂ ਵਾਜਬ ਕਿਰਾਇਆ ਲੈ ਕੇ ਨੇਕੀ ਨਾਲ ਆਪਣਾ ਜੀਵਨ ਚਲਾ ਰਿਹਾ ਸੀ। ਪਰਿਵਾਰ ਸਮੇਤ ਇਹ ਹਰੀਕੇ ਪੱਤਣ ਰਹਿ ਰਿਹਾ ਸੀ। ਇਕ ਵਾਰ ਜੱਲੇ ਮਲਾਹ ਨੂੰ ਬਿਮਾਰੀ ਨੇ ਆਣ ਘੇਰਿਆ। ਬੁਖਾਰ ਬਹੁਤ ਚੜ੍ਹਨ ਲੱਗਾ ਤੇ ਹੋਰ ਬੇੜੀ ਕੋਈ ਨਹੀਂ ਸੀ। ਸਵਾਰੀਆਂ ਨੂੰ ਪਾਰ ਕਰਨ ਵਾਸਤੇ ਜੱਲਾ ਮਲਾਹ ਆਪ ਜਾ ਨਹੀਂ ਸੀ ਸਕਦਾ, ਸਵਾਰੀਆਂ ਨੇ ਕਿਹਾ ਕਿ ਅਸੀਂ ਜਾਣਾ ਜ਼ਰੂਰ ਹੈ। ਜੱਲ੍ਹੇ ਮਲਾਹ ਨੇ ਆਪਣੇ ਪੁੱਤਰ ਛੱਲੇ ਨੂੰ ਕਿਹਾ ਕਿ ਪੁੱਤਰ ਤੂੰ ਜਾਹ ਮੇਰੇ ਵਾਲਾ ਕੰਮ ਤੂੰ ਕਰ, ਪੁੱਤਰਾ ਯਾਦ ਰੱਖ ਘਾਹੀਆਂ ਦੇ ਪੁੱਤਰਾਂ ਨੇ ਤਾਂ ਘਾਹ ਹੀ ਖੋਤਣਾ ਹੁੰਦਾ ਹੈ। ਜਾਹ ਤੂੰ ਵੀ ਮੇਰਾ ਹੱਥ ਵਟਾ। ਛੱਲਾ ਸੀ ਉਮਰ ਦਾ ਨਿਆਣਾ, ਕੰਮ ਸੀ ਬਹੁਤ ਭਾਰਾ ਜੋ ਪਿਤਾ ਨੇ ਸੌਂਪ ਦਿੱਤਾ। ਪਿਤਾ ਦਾ ਕਿਹਾ ਮੰਨ ਕੇ ਛੱਲਾ ਬੇੜੀ ਵਿਚ ਸਵਾਰੀਆਂ ਬਿਠਾ ਕੇ ਕਿਨਾਰੇ ਤੋਂ ਦੂਜੇ ਕਿਨਾਰੇ ਵੱਲ ਚੱਲ ਪਿਆ। ਪਰ ਛੱਲਾ ਅਤੇ ਨਾ ਸਵਾਰੀਆਂ ਦੁਬਾਰਾ ਮੁੜ ਕੇ ਆਈਆਂ। ਪੁੱਤਰ ਦੇ ਵਿਛੋੜੇ ਵਿਚ ਇਹ ਗੀਤ ਜੱਲੇ ਮਲਾਹ ਨੇ ਗਾਉਣਾ ਸ਼ੁਰੂ ਕੀਤਾ- ਛੱਲਾ ਮੁੜਕੇ ਨਹੀਂ ਆਇਆ- ਰੋਣਾ ਉਮਰਾਂ ਦਾ ਪਾਇਆ। ਉਏ ਗੱਲ ਸੁਣ ਛੱਲਿਆ, ਕਾਂਵਾ, ਉਏ ਮਾਵਾਂ ਠੰਡੀਆਂ ਛਾਮਾਂ। ਫਿਰ ਉਹ ਜੱਲਾ ਮਲਾਹ ਲਿਖਦਾ ਹੈ- ਛੱਲਾ ਨੌ ਨੌ ਥੇਵੇ, ਉਏ ਪੁੱਤਰ ਮਿਠੜੇ ਮੇਵੇ, ਉਏ ਗੱਲ ਸੁਣ ਛੱਲਿਆ, ਕਾਵਾਂ ਉਏ ਮਾਵਾਂ ਠੰਡੀਆਂ ਛਾਵਾਂ।

ਇਸ ਤਰ੍ਹਾਂ ਇਸ ਛੱਲੇ ਲੋਕ ਗੀਤ ਦਾ ਗੀਤਕਾਰ ਜੱਲਾ ਮਲਾਹ ਹੈ। ਅੱਜ ਅਜੋਕੇ ਗਾਇਕ ਭਾਵੇਂ ਲੱਖ ਆਪਣਾ ਨਾਂ ਵਿਚ ਮਿਲਾ ਕੇ ਲਿਖੀ ਜਾਣ ਪਰ ਸੱਚ ਇਹ ਹੈ ਕਿ ਪੁੱਤਰ ਦੇ ਵਿਛੋੜੇ ਵਿਚ ਤਾਂ ਜੱਲਾ ਮਲਾਹ ਕਮਲਾ ਹੋ ਗਿਆ ਸੀ, ਜਿਸਨੂੰ ਬਾਅਦ ਵਿਚ ਲੋਕ ਝੱਲਾ ਮਲਾਹ ਕਹਿਣ ਲੱਗੇ ਸਨ। ਇਸ ਗੀਤ ਵਾਂਗ ਹੋਰ ਵੀ ਹਜ਼ਾਰਾਂ ਗੀਤ ਹਨ, ਜਿਹਨਾਂ ਦੇ ਪੁਰਾਤਨ ਇਤਿਹਾਸ ਇਸੇ ਤਰ੍ਹਾਂ ਹਨ। ਲੋਕ ਗੀਤ ਨੂੰ ਗਾਵੇ ਜਿਹੜਾ ਮਰਜ਼. ਪਰ ਕਿਸੇ ਗੀਤਕਾਰ ਦਾ ਨਾਮ ਨਾ ਕੱਟੇ। ਇਹ ਤਾਂ ਗੀਤਕਾਰ ਦੀ ਆਤਮਾ ਨਾਲ ਧੋਖਾ ਹੁੰਦਾ ਹੈ। ਇਹ ਹੈ ਲੋਕ ਗੀਤ ਛੱਲਾ ਦੀ ਕਹਾਣੀ।

# ਆਰ. ਸੀ. ਪਾਲ- ਅੰਬੇਦਕਰ ਮਿਸ਼ਨ ਜਿਸ ਦੀ ਜਿੰਦ ਜਾਨ ਸੀ, ਨਹੀਂ ਰਹੇ

ਰਿਟਾਇਰਡ ਜੂਡੀਸ਼ੀਅਲ ਮੈਜਿਸਟ੍ਰੇਟ ਅਤੇ ਜਲੰਧਰ ਦੇ ਉਘੇ ਐਡਵੋਕੇਟ ਸ੍ਰੀ ਆਰ. ਸੀ. ਪਾਲ (ਰੁਪੇਸ਼ ਚੰਦਰ ਪਾਲ) (82) ਕੁਝ ਸਮਾਂ ਬਿਮਾਰ ਰਹਿਣ ਪਿੱਛੋਂ 30 ਜਨਵਰੀ ਨੂੰ ਆਪਣੇ ਪਿੱਤੇ ਸਮਾਜ ਸੇਵਾ ਦੀਆਂ ਬਹੁਤ ਸਾਰੀਆਂ ਯਾਦਾਂ ਛੱਡ ਕੇ ਚੱਲ ਵੱਸੇ। ਉਹ ਕਈ ਸਾਲ ਤੋਂ ਆਪਣੇ ਛੋਟੇ ਬੇਟੇ ਸ਼ਸ਼ੀਕਾਂਤ ਕੋਲ ਅਮ-ਰੀਕਾ (ਕੈਲੇਫੋਰਨੀਆ) ਰਹਿ ਰਹੇ ਸਨ, ਜਿੱਥੇ ਉਹਨਾਂ ਦਾ ਕਿਡਨੀ ਜਿਗਰ ਦਾ ਕਾਫੀ ਦੇਰ ਤੋਂ ਇਲਾਜ ਚਲਦਾ ਰਿਹਾ। ਪਾਲ ਸਾਹਿਬ ਬੰਗਾ ਤੋਂ ਆ ਕੇ ਜਲੰਧਰ ਦੇ ਵਾਸੀ ਹੋ ਗਏ, ਜੋ ਉਹਨਾਂ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਰਗਰਮੀਆਂ ਦਾ ਕੇਂਦਰ ਬਣਿਆ ਰਿਹਾ। ਦਸਵੀਂ ਕਲਾਸ ਬੰਗਾ ਹਾਈ ਸਕੂਲ ਤੋਂ ਪਾਸ ਕਰਕੇ ਉਹਨਾਂ ਨੇ ਜਲੰਧਰ ਦੁਆਬਾ ਕਾਲਜ ਤੋਂ ਬਾਅਦ ਵਿਚ ਐਫ. ਐਸ. ਸੀ. ਕੀਤੀ ਅਤੇ ਬਿਜਲੀ ਮਹਿਕਮੇ ਦੀ ਕੁਝ ਸਾਲ ਨੌਕਰੀ ਕੀਤੀ। ਇਹ ਹੌਸਲੇ ਅਤੇ ਇੱਛਾ ਸ਼ਕਤੀ ਦੀ ਇਕ ਮਿਸਾਲ ਹੈ ਕਿ ਉਹਨਾਂ ਨੇ ਰਾਤ ਦਿਨ ਮਿਹਨਤ ਕਰਕੇ ਨੌਕਰੀ ਦੇ ਦੌਰਾਨ ਪਹਿਲਾਂ ਬੀ. ਏ. ਅਤੇ ਐਲ. ਐਲ. ਬੀ. ਵੀ ਪਾਸ ਕਰ ਲਈ ਅਤੇ ਨਾਲ ਲੱਗਦੇ ਪੀ. ਸੀ. ਐਸ. ਦਾ ਇਮਤਿਹਾਨ ਵੀ ਕੁਆਲੀਫਾਈ ਕਰ ਲਿਆ। ਕਈ ਸਾਲ ਬਤੌਰ ਜੂਡੀਸ਼ੀਅਲ ਮੈਜਿਸਟ੍ਰੇਟ ਸਰਵਿਸ ਕਰਕੇ ਉਹ 1979 ਵਿਚ ਸੇਵਾ ਮੁਕਤ ਹੋਏ। ਰਿਟਾਇਰ ਹੋਣ ਨਾਲ ਹੀ ਉਹਨਾਂ ਦਾ ਰਾਜਨੀਤਿਕ ਅਤੇ ਸਮਾਜਿਕ ਦੌਰ ਸ਼ੁਰੂ ਹੁੰਦਾ ਹੈ ਜੋ ਅਖੀਰ ਤੱਕ ਜਾਰੀ ਰਿਹਾ। ਜ਼ਿਲ੍ਹਾ ਕੋਰਟਾਂ ਵਿਚ ਪ੍ਰੈਕਟਿਸ ਕਰਦੇ ਕਰਦੇ ਉਹ ਇਕ ਸਫਲ ਵਕੀਲ ਬਣ ਕੇ ਸਮਾਜਿਕ ਪੱਧਰ ਤੇ ਵੀ ਹਰਮਨ ਪਿਆਰੇ ਹੋ ਗਏ।

ਸਮਾਜ ਸੇਵਾ ਦਾ ਜਜ਼ਬਾ ਬਚਪਨ ਤੋਂ ਹੀ ਮੇਰੇ ਸਾਥ ਅਤੇ ਪ੍ਰਭਾਵ ਕਾਰਨ ਪੈਦਾ ਹੋ ਚੁੱਕਾ ਸੀ। ਮੇਰੀ ਰਾਜਨੀਤਿਕ ਅਤੇ ਸਮਾਜਿਕ ਸਰਗਰਮੀਆਂ ਵਿਚ ਪਾਲ ਸਾਹਿਬ ਦਾ ਭਾਵੇਂ ਉਹ ਉਮਰ ਵਿਚ ਪੰਜ ਸਾਲ ਛੋਟੇ ਸਨ, ਭਰਪੂਰ ਸਹਿਯੋਗ ਰਿਹਾ। ਸਕੂਲੀ ਦਿਨਾਂ ਵਿਚ ਆਦਿ ਧਰਮ ਰਵਿਦਾਸ ਬਾਲ ਸਭਾ ਬਣਾ ਕੇ ਸਮਾਜ ਦੀ ਜਾਗ੍ਰਿਤੀ ਲਈ ਖੂਬ ਪ੍ਰਚਾਰ ਕੀਤਾ। ਕਾਲਜ ਦੇ ਦਿਨਾਂ ਵਿਚ ਜਦੋਂ ਮੈਂ ਵੀ ਹਾਲੇ ਕਾਲਜ ਵਿਚ ਹੀ ਸੀ ਅਤੇ 'ਉਜਾਲਾ' ਉਰਦੂ ਵੀਕਲੀ ਦੇ ਸੰਪਾਦਨ ਦਾ ਵੀ ਕੰਮ ਕਰਦਾ ਸੀ, ਅਸੀਂ ਕਾਲਜਾਂ ਦੇ ਸ਼ੈਡਿਊਲਡ ਕਾਸਟ ਵਿਦਿਆਰਥੀਆਂ ਨੂੰ ਸੰਗਠਿਤ ਕਰਕੇ ਪੰਜਾਬ ਸ਼ੈਡਿਊਲਡ ਕਾਸਟ ਸਟੂਡੈਂਟਸ ਫੈਡਰੇਸ਼ਨ ਗਠਿਤ ਕੀਤੀ। ਸੂਰਜ ਭਾਨ ਪਿਛਲੇ ਗਵਰਨਰ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜੋ ਉਸ ਸਮੇਂ ਅੰਬਾਲਾ ਕਾਲਜ ਵਿਚ ਬੀ. ਏ. ਦੇ ਵਿਦਿਆਰਥੀ ਸਨ ਅਤੇ ਮੇਰੇ ਨਾਲ 'ਉਜਾਲਾ' ਪੱਤ੍ਰਿਕਾ ਦੇ ਮਾਧਿਅਮ ਤੋਂ ਗੂੜ੍ਹੀ ਮਿੱਤਰਤਾ ਹੋ ਚੁੱਕੀ ਸੀ, ਨੂੰ ਫੈਡਰੇਸ਼ਨ ਦਾ ਪ੍ਰੈਜ਼ੀਡੈਂਟ ਥਾਪਿਆ ਅਤੇ ਪਾਲ ਸਾਹਿਬ, ਉਸ ਦੇ ਜਨਰਲ ਸੈਕਟਰੀ ਬਣਾਏ ਗਏ। ਇਸ ਸੰਸਥਾ ਦੇ ਮੰਚ ਤੋਂ ਜਿੱਥੇ ਵਿਦਿਆਰਥੀਆਂ ਦੀਆਂ ਫੀਸਾਂ ਅਤੇ ਵਜ਼ੀਫਿਆਂ ਬਾਰੇ ਆਵਾਜ਼ ਬੁਲੰਦ ਕੀਤੀ ਗਈ, ਉਥੇ ਅੰ-ਬੇਡਕਰੀ ਅੰਦੋਲਨ ਵਿਚ ਵੀ ਇਸਦਾ ਯੋਗਦਾਨ ਬਹੁਤ ਜ਼ੋਰਦਾਰ ਸੀ। ਉਸ ਵੇਲੇ ਦੇ ਕਾਂਗਰਸੀ ਵਜ਼ੀਰ ਪ੍ਰਿਥਵੀ ਸਿੰਘ ਆਜ਼ਾਦ ਨਾਲ ਆਪਣੀਆਂ ਮੰਗਾਂ ਨੂੰ ਲੈ ਕੇ ਅਕਸਰ ਨੋਕ-ਝੋਕ ਅਤੇ ਟੱਕਰ ਹੁੰਦੀ ਰਹਿੰਦੀ ਸੀ।

ਪਾਲ ਸਾਹਿਬ ਮੇਰੇ ਨਾਲ ਉਦੋਂ ਵੀ ਅੰਗ ਸੰਗ ਰਹੇ ਜਦ ਬਾਬਾ ਸਾਬਿਹ 27 ਅਕਤੂਬਰ 1951 ਨੂੰ ਜਲੰਧਰ ਆਗਮਨ ਤੇ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਮੈਂ ਸੰਭਾਲ ਰਿਹਾ ਸੀ। ਉਸ ਕਾਨਫਰੰਸ ਵਿਚ ਬਾਬਾ ਸਾਹਿਬ ਨੂੰ ਦੋ ਸਵਾਗਤ ਪੱਤਰ ਪੇਸ਼ ਕੀਤੇ ਗਏ, ਇਕ ਸੂਬਾ ਸ਼ੈਡਿਊਲਡ ਕਾਸਟ ਫੈਡਰੇਸ਼ਨ ਦੇ ਪ੍ਰਧਾਨ ਸੇਠ ਕਿਸ਼ਨ ਦਾਸ ਦਾ ਸੀ, ਦੂਜਾ ਪੰਜਾਬ ਸ਼ੈਡਿਊਲਡ ਕਾਸਟ ਸਟੂਡੈਂਟ ਫੈਡਰੇਸ਼ਨ ਵੱਲੋਂ ਆਰ. ਸੀ. ਪਾਲ ਸਾਹਿਬ ਦਾ ਸੀ। ਬਾਬਾ ਸਾਹਿਬ ਨੂੰ ਸਵਾਗਤ ਪੱਤਰ ਪੇਸ਼ ਕਰਨਾ ਬੜੇ ਮਾਣ ਦੀ ਗੱਲ ਹੈ। ਇਸੇ ਤਰ੍ਹਾਂ ਜਦ ਕਾਨਫਰੰਸ ਦੀ ਸਮਾਪਤੀ ਤੇ ਅਸੀਂ ਬਾਬਾ ਸਾਹਿਬ ਨੂੰ ਜਲੰਧਰ ਛਾਉਣੀ ਦੇ ਰੈਸਟ ਹਾਊਸ, ਜਿੱਥੇ ਉਹਨਾਂ ਨੂੰ ਠਹਿਰਾਇਆ ਗਿਆ ਸੀ, ਰਾਤ ਸਮੇਂ ਮਿਲਣ ਗਏ ਤਾਂ ਪਾਲ ਸਾਹਿਬ ਵੀ ਮੇਰੇ ਨਾਲ ਸਨ। ਉਦੋਂ ਵੀ ਅਸੀਂ ਦੋਵਾਂ ਨੇ ਸੋਫੇ ਤੇ ਬੈਠੇ ਬਾਬਾ ਸਾਹਿਬ ਦੀਆਂ ਲੱਤਾਂ ਪੈਰ ਘੁੱਟ ਕੇ ਨੇੜਤਾ ਦਾ ਆਨੰਦ ਲਿਆ। ਅਗਲੀ ਸਵੇਰ ਫਿਰ ਅਸੀਂ ਬਾਬਾ ਸਾਹਿਬ ਨਾਲ ਗੱਲਾਂ ਕਰਦੇ ਉਹਨਾਂ ਨੂੰ ਉਸ ਦਿਨ ਦੀਆਂ ਅਖਬਾਰਾਂ ਵਿਚੋਂ ਚੋਣਵੀਆਂ ਖਬਰਾਂ ਸੁਣਾਉਂਦੇ ਰਹੇ। ਇਸੇ ਵਿਚ ਪਾਲ ਨੇ ਬੜੇ ਬੇਬਾਕ ਅੰਦਾਜ਼ ਵਿਚ ਉਹਨਾਂ ਤੋਂ ਸਵਾਲ ਕਰਕੇ ਜਵਾਬ ਪੁੱਛ ਲਿਆ ਕਿ ਕੀ ਵਿਦਿਆਰਥੀਆਂ ਨੂੰ ਪਾਲੀਟਿਕਸ (ਰਾਜਨੀਤੀ) ਵਿਚ ਹਿੱਸਾ ਲੈਣਾ ਚਾਹੀਦਾ ਹੈ? ਇਸ ਦਾ ਜਵਾਬ ਵੀ ਬਾਬਾ ਸਾਹਿਬ ਨੇ ਉਸੇ ਖੁੱਲ੍ਹੇ ਮੂਡ ਵਿਚ ਦਿੱਤਾ 'ਵਿਦਿਆਰਥੀਆਂ ਨੂੰ ਪਹਿਲਾਂ ਆਪਣੀ ਪੜ੍ਹਾਈ ਨੂੰ ਉਸੇ ਤਪ ਤਿਆਗ ਅਤੇ ਲਗਨ ਨਾਲ ਪੂਰਾ ਕਰਨਾ ਚਾਹੀਦਾ ਹੈ, ਜਿਵੇਂ ਇਕ ਤਪੱਸਵੀ ਸੰਸਾਰਕ ਉਲਝਣਾਂ ਤੋਂ ਦੂਰ ਰਹਿ ਕੇ ਆਪਣੀ ਤਪੱਸਿਆ ਪੂਰੀ ਕਰਦਾ ਹੈ। ਇਸ ਤੋਂ ਬਾਅਦ ਹੀ ਉਹ ਰਾਜਨੀਤੀ ਦੀਆਂ ਡੂੰਘਾਈਆਂ ਅਤੇ ਪੇਚੀਦਗੀਆਂ ਨੂੰ ਸਮਝਣ ਦੇ ਯੋਗ ਅਤੇ ਸਮਰੱਥ ਹੋ ਸਕਦੇ ਹਨ।' ਬਾਬਾ ਸਾਹਿਬ ਦਾ ਇਹ ਕਥਨ ਬਹੁਤ ਲੇਖਾਂ ਅਤੇ ਕਿਤਾਬਾਂ 'ਚ ਛਪ ਚੁੱਕਾ ਹੈ। ਪਾਲ ਸਾਹਿਬ ਬਤੌਰ ਵਕੀਲ ਹਰ ਜ਼ਰੂਰਤਮੰਦ ਵਿਅਕਤੀ ਦੇ ਕੰਮ ਆਉਂਦੇ ਰਹੇ। ਸਭ ਤੋਂ ਵੱਧ ਸਮਾਜ ਨੂੰ ਉਹਨਾਂ ਦੀ ਦਿੱਤੀ ਯਾਦਗਾਰ ਦੇਣ ਅੰਬੇਡਕਰ ਭਵਨ ਦੀ ਸ਼ਕਲ ਵਿਚ ਹੈ, ਜੋ ਜਲੰਧਰ (ਆਬਾਦਪੁਰ) ਦੀ ਉਸੇ ਪਵਿੱਤਰ ਭੂਮੀ ਤੇ ਉਸਾਰਿਆ ਗਿਆ, ਜਿੱਥੇ 1951 ਵਿਚ ਬਾਬਾ ਸਾਹਿਬ ਨੇ ਚਰਨ ਪਾਏ ਸਨ। ਇਸ ਭਵਨ ਦੀ ਉਸਾਰੀ ਅਤੇ ਪ੍ਰਬੰਧ ਹਿਤ ਬਣਾਏ ਗਏ ਅੰ-ਬੇਡਕਰ ਭਵਨ ਟਰੱਸਟ ਦੇ ਉਹ ਮੁਢਲੇ ਕਈ ਸਾਲਾਂ ਤੱਕ ਸੈਕਟਰੀ ਵਜੋਂ ਕੰਮ ਕਰਦੇ ਰਹੇ। ਸੰਸਥਾਪਕ ਟਰੱਸਟੀ ਸ੍ਰੀ ਲਾਹੌਰੀ ਰਾਮ ਬਾਲੀ ਨਾਲ ਮਿਲ ਕੇ ਭਵਨ ਦੀ ਉਸਾਰੀ ਅਤੇ ਵਿਕਾਸ ਲਈ ਜੋ ਤਨ ਮਨ ਧਨ ਨਾਲ ਉਹਨਾਂ ਨੇ ਯੋਗਦਾਨ ਦਿੱਤਾ ਹੈ, ਉਸ ਦਾ ਅੰਦਾਜ਼ਾ ਭਵਨ ਦੀ ਬਣ ਰਹੀ ਸ਼ਾਨ ਤੋਂ ਲਗਾਇਆ ਜਾ ਸਕਦਾ ਹੈ। ਜਿਸਦਾ ਮੈਂ ਖੁਦ ਵੀ 1986 ਤੋਂ ਟਰੱਸਟੀ ਹਾਂ। ਇਸੇ ਭਵਨ ਦੀ ਉਸਾਰੀ ਦੇ ਸਬੰਧ ਵਿਚ ਆਪਣੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਨਿੱਜੀ ਦੌਰਿਆਂ ਦੌਰਾਨ ਉਹਨਾਂ ਨੇ ਹਜ਼ਾਰਾਂ ਰੁਪਏ ਇਕੱਠੇ ਕਰਕੇ ਭਵਨ ਦੀ ਸੇਵਾ ਕੀਤੀ। ਪੰਜਾਬ ਅਸੈਂਬਲੀ ਦਾ ਦੋ ਵਾਰ ਇਲੈਕਸ਼ਨ ਵੀ ਲੜਿਆ, ਲੇਕਿਨ ਸਫਲ ਨਹੀਂ ਹੋ ਸਕੇ। ਉਹ ਆਪਣੇ ਪਿੱਛੇ ਦੋ ਬੇਟੇ ਡਾ. ਰਵੀ ਕਾਂਤ (ਐਮ. ਐਸ), ਸ਼ਸ਼ੀ ਕਾਂਤ (ਅਮਰੀਕਾ-ਬਿਜਨਸ-ਮੈਨ), ਬੇਟੀ ਪੈਮਿਲਾ, ਦਾਮਾਦ ਸ੍ਰੀ ਆਰ. ਪੀ. ਐਸ. ਪਵਾਰ ਰਿਟਾ. ਪ੍ਰਿੰਸੀਪਲ ਸੈਕਟਰੀ, ਪਤਨੀ ਆਸ਼ਾ ਦੇਵੀ ਅਤੇ ਖੁਸ਼ਹਾਲ ਪਰਿਵਾਰ ਛੱਡ ਗਏ ਹਨ। ਉਹ ਨਿਮਰ ਸੁਭਾਅ, ਰਚਨਾਤਮਕ ਸੋਚ ਅਤੇ ਸਮਾਜ ਸਮਰਪਣ ਲਈ ਹਮੇਸ਼ਾ ਯਾਦ ਰਹਿਣਗੇ।

**–ਕੇ. ਸੀ. ਸੁਲੇਖ**
**ਚੰਡੀਗੜ੍ਹ (0172-4623503)**

# ਸਤਿਗੁਰੂ ਰਵਿਦਾਸ ਜੀ ਦੇ ਪਾਵਨ ਦਿਹਾੜੇ ਮੌਕੇ ਯੂਬਾ ਸਿਟੀ (ਕੈਲੀਫੋਰਨੀਆ) 'ਚ ਸਜਾਏ ਗਏ ਕੀਰਤਨ ਦਰਬਾਰ ਦੀਆਂ ਝਲਕੀਆਂ



























## ਬਹੁਤ ਜਨਮ ਬਿਛੁਰੇ ਥੇ ਮਾਧਉ
## ਇਹੁ ਜਨਮ ਤੁਮ੍ਹਾਰੇ ਲੇਖੇ॥



# ਸ੍ਰੀ ਗੁਰੂ ਰਵਿਦਾਸ ਟੈਂਪਲ

## 6221-16th Street
## Rio Linda (Sacramento)
## California- 95673
## (Ph) 916-992-1710

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਲੱਖ-ਲੱਖ ਵਧਾਈਆਂ।
15ਵੇਂ ਮਹਾਨ ਨਗਰ ਕੀਰਤਨ **8 ਮਾਰਚ 2015** ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨਾਇਆ ਜਾ ਰਿਹਾ ਹੈ।
ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

## ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੂਰਨ ਗੁਰੂ ਮਰਿਆਦਾ ਹੇਠ ਮਨਾਇਆ ਜਾ ਰਿਹਾ ਹੈ।

ਨਗਰ ਕੀਰਤਨ ਦੀ ਖੁਸ਼ੀ ਵਿਚ ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਮਾਰਚ 2015, ਸਵੇਰੇ 8 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 8 ਮਾਰਚ, ਐਤਵਾਰ ਸਵੇਰੇ 8 ਵਜੇ
ਨਿਸ਼ਾਨ ਸਾਹਿਬ: 7 ਮਾਰਚ ਦਿਨ ਸ਼ਨੀਵਾਰ ਨੂੰ ਸ਼ਾਮੀ 3 ਵਜੇ ਚੜ੍ਹਾਏ ਜਾਣਗੇ
ਅਤੇ ਸ਼ਾਮ ਨੂੰ ਕੀਰਤਨ ਦਰਬਾਰ 6 ਵਜੇ ਤੋਂ 12 ਵਜੇ ਤੱਕ ਹੋਵੇਗਾ।

### ਨਗਰ ਕੀਰਤਨ ਵਿਚ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ ਜੀ:

ਗੁਰੂ ਘਰ- 916-992-1710
ਜੱਸੀ ਬੰਗਾ 916-796-5003
ਜੋਗਿੰਦਰ ਚੁੰਬਰ 916-582-1611
ਦਰਸ਼ਨ ਵਿਰਕ 916-228-0540
ਬਲਵਿੰਦਰ ਰੱਲ੍ਹ 916-425-2705
ਸਤਨਾਮ ਮੰਢਾਲੀ 916-803-0108
ਜੱਸੀ ਸ਼ੀਮਾਰ (ਪੀ. ਆਰ. ਓ.) 916-293-6030

### ਕਮੇਟੀ ਮੈਂਬਰ

ਚੇਅਰਮੈਨ- ਜਸਵਿੰਦਰ ਬੰਗਾ
916-796-5003
ਵਾਈਸ ਚੇਅਰਮੈਨ- ਦਰਸ਼ਨ ਵਿਰਕ
916-228-0540
ਪ੍ਰਧਾਨ- ਜੋਗਿੰਦਰ ਚੁੰਬਰ
916-582-1611
ਵਾਈਸ ਪ੍ਰਧਾਨ- ਸਤਨਾਮ ਮੰਢਾਲੀ
916-803-0108
ਵਾਈਸ ਪ੍ਰਧਾਨ- ਬਲਵਿੰਦਰ ਰੱਲ੍ਹ
916-425-2707
ਸਟੇਜ ਸੈਕਟਰੀ- ਜੀਵਨ ਰੱਤੂ
916-256-9393

ਸਟੇਜ ਸੈਕਟਰੀ- ਰਾਜ ਕੁਮਾਰ ਸੂਦ 916-698-3806
ਆਫਿਸ ਸੈਕਟਰੀ- ਰਾਜ ਬੱਧਣ 916-601-3842
ਕੈਸ਼ੀਅਰ- ਇੰਦਰਜੀਤ ਪਡਵੱਗਾ 916-276-2538
ਕੈਸ਼ੀਅਰ- ਸੁਰਿੰਦਰ ਮੱਲ 916-849-8530
ਕੈਸ਼ੀਅਰ- ਮਨਜੀਤ ਭਾਰਦਵਾਜ 916-743-5012
ਪੀ. ਆਰ. ਓ. ਮੀਡੀਆ- ਜਸਵਿੰਦਰ ਸ਼ੀਮਾਰ
916-293-6030

ਮੇਨਟੀਨੈਂਸ- ਕਰਨੈਲ ਵਿਰਕ 916-267-8774
ਮਨਜੀਤ ਪਾਲ 916-834-9371
ਕਿਚਨ ਮੈਨੇਜਰ- ਮਹਿੰਦਰ ਧਾਮੀ 916-470-9163

**ਜਾਰੀ ਕਰਤਾ- ਸ੍ਰੀ ਗੁਰੂ ਰਵਿਦਾਸ ਸਭਾ ਸੈਕਾਰਮੈਂਟੋ ਤੇ ਸਮੂਹ ਸੰਗਤ**

### ਲੜੀਵਾਰ ਅਖੰਡ ਪਾਠ ਸਾਹਿਬ ਪ੍ਰੋਗਰਾਮਾਂ ਦਾ ਵੇਰਵਾ
### ਆਰੰਭ ਸ੍ਰੀ ਅਖੰਡ ਪਾਠ ਸਾਹਿਬ - ਭੋਗ ਸ੍ਰੀ ਅਖੰਡ ਪਾਠ ਸਾਹਿਬ

1. 3 ਫਰਵਰੀ 2015 ਤੋਂ 5 ਫਰਵਰੀ 2015 ਤੱਕ ਅਖੰਡ ਪਾਠ ਸੇਵਾ
   ਸ. ਜੋਗਿੰਦਰ ਚੁੰਬਰ ਅਤੇ ਸਮੂਹ ਪਰਿਵਾਰ ਵੱਲੋਂ
2. 6 ਫਰਵਰੀ 2015 ਤੋਂ 8 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਸ. ਮਨਜੀਤ ਭਾਰਦਵਾਜ ਅਤੇ ਪਰਿਵਾਰ ਵੱਲੋਂ
3. 13 ਫਰਵਰੀ 2015 ਤੋਂ 15 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ
   ਸ: ਕਰਨੈਲ ਵਿਰਕ, ਦਰਸ਼ਨ ਵਿਰਕ ਅਤੇ ਸਮੂਹ ਪਰਿਵਾਰ ਵੱਲੋਂ
4. 19 ਫਰਵਰੀ 2015 ਤੋਂ 21 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਸ: ਲਸ਼ਕਰ ਸਿੰਘ ਬੱਧਣ ਅਤੇ ਸਮੂਹ ਪਰਿਵਾਰ ਵੱਲੋਂ
5. 20 ਫਰਵਰੀ 2015 ਤੋਂ 22 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਸੈਕਰਾਮੈਂਟੋ ਦੀਆਂ ਬੀਬੀਆਂ ਵੱਲੋਂ
6. 27 ਫਰਵਰੀ 2015 ਤੋਂ 1 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਗੁਰੂ ਰਵਿਦਾਸ ਨੌਜਵਾਨ ਸਭਾ ਆਫ ਸੈਕਰਾਮੈਂਟੋ ਵੱਲੋਂ
7. 2 ਮਾਰਚ 2015 ਤੋਂ 4 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਜੱਸੀ ਬੰਗਾ ਅਤੇ ਸਮੂਹ ਬੰਗਾ ਪਰਿਵਾਰ ਵੱਲੋਂ
8. 4 ਮਾਰਚ 2015 ਤੋਂ 6 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਸੰਗਤ: ਸ੍ਰੀ 108 ਸੰਤ ਬਾਬਾ ਦਰਸ਼ਨ ਦਾਸ ਜੀ ਨਗਰ ਬਰਸੀ ਸਮਾਗਮ
9. 6 ਮਾਰਚ 2015 ਤੋਂ 8 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   15ਵੇਂ ਵਿਸਾਲ ਨਗਰ ਕੀਰਤਨ ਸਮੂਹ ਸੈਕਰਾਮੈਂਟੋ ਸੰਗਤ ਵੱਲੋਂ ਕੀਤੀ ਜਾਵੇਗੀ

### 15ਵਾਂ ਵਿਸ਼ਾਲ ਨਗਰ ਕੀਰਤਨ 8 ਮਾਰਚ 2015 ਨੂੰ ਸਵੇਰੇ 10:30 ਵਜੇ ਤੋਂ ਸ਼ਾਮੀ 5:00 ਵਜੇ ਤੱਕ ਹੋਵੇਗਾ

ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨਾਲ 916-992-1710 ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਕਿਸਮ ਦੀ ਸੇਵਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਲਈ ਜੱਸੀ ਬੰਗਾ ਨਾਲ 916-796-5003 ਜਾਂ ਜੋਇ ਚੁੰਬਰ ਨਾਲ 916-582-1611 ਤੇ ਸੰਪਰਕ ਕਰੋ।